# ਦੇਸ਼ ਦੁਆਬਾ

VOL - 3 ISSUE - 12
September 11, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





# ਇੰਟਰਨੈਸ਼ਨਲ ਕਬੱਡੀ ਕੱਪ 2014 ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੀਆਂ ਖੇਡ ਗਰਾਊਂਡਾਂ ਵਿਚ 14 ਸਤੰਬਰ ਨੂੰ



ਪਿਛਲੇ ਸਾਲ 15 ਸਤੰਬਰ ਨੂੰ ਹੋਏ ਕਬੱਡੀ ਟੂਰਨਾਮੈਂਟ ਦਰਮਿਆਨ ਨੌਜਵਾਨ ਸਿੱਖ ਆਗੂ ਸ. ਜੌਹਨ ਸਿੰਘ ਗਿੱਲ ਅਤੇ ਰਣਧੀਰ ਸਿੰਘ ਨਿੱਝਰ ਦੀ ਸਨਮਾਨਿਤ ਕਰਦੇ ਹੋਏ "ਦੇਸ਼ ਦੁਆਬਾ" ਦੁਆਰਾ ਲਈਆਂ ਗਈਆਂ ਤਸਵੀਰਾਂ ਵਿਚੋਂ ਇਕ ਯਾਦਗਾਰੀ ਤਸਵੀਰ। ਇਸ ਟੂਰਨਾਮੈਂਟ ਸਬੰਧੀ ਇਸ਼ਤਿਹਾਰ ਦੇਖੋ ਸਫਾ 10 ਅਤੇ 11 ਤੇ।

ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)- ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ 2014 ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੀਆਂ ਖੇਡ ਗਰਾਊਂਡਾਂ ਵਿਚ 14 ਸਤੰਬਰ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।

ਇਸ ਟੂਰਨਾਮੈਂਟ ਵਿਚ ਪਹਿਲੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 13 ਹਜ਼ਾਰ ਡਾਲਰ ਇਨਾਮ ਦਿੱਤਾ ਜਾਵੇਗਾ। ਦੂਜੇ ਸਥਾਨ ਤੇ ਰਹਿਣ ਵਾਲੀ ਕਬੱਡੀ ਓਪਨ ਦੀ ਟੀਮ ਨੂੰ 12 ਹਜ਼ਾਰ ਅਤੇ ਤੀਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 11 ਹਜ਼ਾਰ ਡਾਲਰ ਇਨਾਮ ਦਿੱਤਾ ਜਾਵੇਗਾ। ਚੌਥਾ ਇਨਾਮ 10 ਹਜ਼ਾਰ ਡਾਲਰ ਹੋਵੇਗਾ। ਇਸ ਟੂਰਨਾਮੈਂਟ ਵਿਚ ਕਬੱਡੀ ਅੰਡਰ 21 ਦੇ ਮੁਕਾਬਲੇ ਹੋਣਗੇ। ਵਾਲੀਬਾਲ ਅਤੇ ਬਾਸਕਟਬਾਲ ਦੇ ਮੁਕਾਬਲੇ ਦਿਲਚਸਪ ਹੋਣਗੇ। ਇਸ ਮੌਕੇ ਉਥੇ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਕਬੱਡੀ ਟੂਰਨਾਮੈਂਟ ਦਰਮਿਆਨ ਬੀਬੀਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

## ਪ੍ਰਧਾਨ ਮੰਤਰੀ ਨਾ ਬਣਦੇ ਤਾਂ ਅਮਰੀਕਾ ਨਾ ਆ ਸਕਦੇ ਮੋਦੀ

ਨਵੀਂ ਦਿੱਲੀ- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸੇ ਮਹੀਨੇ ਅਮਰੀਕਾ ਦੇ ਦੌਰੇ ਤੇ ਆ ਰਹੇ ਹਨ। ਅਮਰੀਕੀ ਪ੍ਰਸ਼ਾਸਨ ਨੇ ਉਹਨਾਂ ਦੇ ਸਵਾਗਤ ਦੀ ਤਿਆਰੀ ਆਰੰਭ ਕਰ ਦਿੱਤੀ ਹੈ। ਰਾਸ਼ਟਰਪਤੀ ਬਰਾਕ ਓਬਾਮਾ ਸ੍ਰੀ ਮੋਦੀ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕਰਨਗੇ।



ਇਸ ਤੋਂ ਇਲਾਵਾ ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਦੀਆਂ ਕਈ ਸੰਸਥਾਵਾਂ ਨੇ ਮੋਦੀ ਦੇ ਖੁੱਲ੍ਹੇ ਸਵਾਗਤ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ, ਹਾਲਾਂਕਿ ਜ਼ਿਅਦਾਤਰ ਸੰਸਥਾਵਾਂ ਨੂੰ ਸਮਾਂ ਨਹੀਂ ਮਿਲੇਗਾ, ਪਰ ਮੋਦੀ ਆਪਣੇ ਇਸ ਦੌਰੇ ਦਰਮਿਆਨ ਉਹਨਾਂ ਸਾਰੇ ਲੋਕਾਂ ਨੂੰ ਮਿਲਣ ਦੀ ਕੋਸ਼ਿਸ਼ ਕਰਨਗੇ, ਜਿਹਨਾਂ ਨੂੰ ਉਹਨਾਂ ਦੀ ਉਡੀਕ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਦੌਰਾ ਹਾਲਾਂਕਿ ਭਾਰਤ ਅਤੇ ਅਮਰੀਕਾ ਦੇ ਭਵਿੱਖੀ ਸਬੰਧਾਂ ਪੱਖੋਂ ਬਹੁਤ ਅਹਿਮ ਹੈ, ਪਰ ਇਹ ਦੌਰਾ ਕਈ ਵਿਵਾਦਾਂ ਤੋਂ ਬਾਅਦ ਸਾਹਮਣੇ ਆਇਆ ਹੈ। ਨਰਿੰਦਰ ਮੋਦੀ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਉਹਨਾਂ ਤੇ ਲੱਗੇ 1992 ਦੇ ਕਥਿਤ ਕਤਲੇਆਮ ਦੇ ਦੋਸ਼ਾਂ ਕਾਰਨ ਅਮਰੀਕਾ ਨੇ ਉਹਨਾਂ ਨੂੰ ਵੀਜ਼ਾ ਤੱਕ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਜਦੋਂ ਉਹ ਪ੍ਰਧਾਨ ਮੰਤਰੀ ਬਣੇ ਤਾਂ ਅਮਰੀਕਾ ਨੇ ਖੁਦ ਉਹਨਾਂ ਨੂੰ ਆਉਣ ਦਾ ਸੱਦਾ ਦਿੱਤਾ। ਇਕ ਰਾਸ਼ਟਰ ਮੁਖੀ ਵਜੋਂ ਹੁਣ ਨਰਿੰਦਰ ਮੋਦੀ ਅਮਰੀਕਾ ਆ ਰਹੇ ਹਨ, ਪਰ ਇਕ ਮੁੱਖ ਮੰਤਰੀ ਵਜੋਂ ਉਹ ਕਾਮਯਾਬ ਨਹੀਂ ਹੋ ਸਕੇ।


Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਤੇ ਕੇਟਰਿੰਗ ਦੇ ਬਾਦਸ਼ਾਹ®
ORDER ONLINE
www.RajaSweets.com
Raja Sweets & Indian Cuisine
(510) 489-9100
31853 Alvarado Blvd. Union City CA 94587
Raja Indian Cuisine & Bar
(510) 264-9300
1275 W Winton Ave, Hayward CA 94545





Call Us For Your Next Catering
ਅਸੀਂ ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਕਿਸੇ ਵੀ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991





HAPPY TRAVELS AGENCY
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
Harjit (Happy)
Agency Owner
HappyTravels Agency
1743 GRAND CANAL BLVD
12 STOCKTON, CA 95207





Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com







MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us ramesh@rameshsuman.com
P.O. Box 3434, Antioch, CA 94531-3434





SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

**510- 733- 2222**

1421 Industrial PKWY West#F Hayward, CA 94544

# TANDOOR Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

# NOW OPEN



# THE TAJ

FINE INDIAN CUISINE, BAR & CATERING

1400 Whyler Rd. Yuba City, CA 95993

$5.99 BUFFET EVERYDAY

LUNCH TIMEBUFFET,
DINE-IN, CARRY OUT
CATERING SPECIALIST
SWEETS & MORE....

11:00 AM to 3:00 PM

530-821-0121

Party Hall Available

Catering Specialist

ACROSS THE PARKING LOT FROM CINEMARK

Dine-In & Carry Out

* WITH A PURCHASE OF A SOFT DRINK,
coupon valid until 08/31/2014.
One coupon per person.
Must Bring in the coupon.

# ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ





**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਬੀਤੇ ਐਤਵਾਰ 7 ਸਤੰਬਰ ਨੂੰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਆਖੰਡਪਾਠ ਸਾਹਿਬ ਜੀ ਦੇ ਐਤਵਾਰ ਨੂੰ ਭੋਗ ਪਾਏ ਗਏ। ਇਹ ਕਾਰਜ ਗੁਰੂ ਘਰ ਦੀ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਅਤੇ ਚੰਡੀਗੜ੍ਹ ਤੋਂ ਨਵਨੀਤ ਕੌਰ ਅਤੇ ਜਥੇ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਬਾਰੇ ਗੁਰੂ ਘਰ ਦੇ ਚੇਅਰਮੈਨ ਜਸਵਿੰਦਰ ਬੰਗਾ, ਸਕੱਤਰ ਰਾਜ ਕੁਮਾਰ, ਰਮੇਸ਼ ਬੰਗੜ, ਮਹਿੰਦਰ ਸਿੰਘ ਧਾਮੀ ਨੇ ਸੰਗਤਾਂ ਨਾਲ ਵਿਚਾਰ ਪੇਸ਼ ਕੀਤੇ।

ਇਸ ਪ੍ਰੋਗਰਾਮ ਨੂੰ ਬੱਚਿਆਂ ਦੀ ਕਮੇਟੀ ਵੱਲੋਂ ਲਾਈਵ ਸਟਰੀਮ ਤੇ ਟੈਲੀਕਾਸਟ ਕੀਤਾ ਗਿਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ ਸਥਾਪਨਾ ਦਿਵਸ 5 ਅਕਤੂਬਰ ਨੂੰ




**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ ਸਥਾਪਨਾ ਦਿਵਸ ਆਗਾਮੀ 5 ਅਕਤੂਬਰ ਦਿਨ ਐਤਵਾਰ 2014 ਨੂੰ ਮਨਾਇਆ ਜਾ ਰਿਹਾ ਹੈ, ਜਿਸਦੇ ਅਖੰਡ ਪਾਠ ਸਾਹਿਬ 3 ਅਕਤੂਬਰ ਨੂੰ ਰੱਖੇ ਜਾਣਗੇ ਅਤੇ 5 ਅਕਤੂਬਰ ਨੂੰ ਭੋਗ ਪਾਏ ਜਾਣਗੇ, ਜਿਸਦੀ ਸੇਵਾ ਸੁਭਾਸ਼ ਬੰਗਾ ਅਤੇ ਅਵਤਾਰ ਸਿੰਘ ਜੱਸਲ ਪਰਿਵਾਰਾਂ ਵੱਲੋਂ ਲਈ ਗਈ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਯ ਸਥਾਪਨਾ ਦਿਵਸ ਤੇ ਹੁੰਮ-ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਗੁਰੂ ਘਰ ਪਹੁੰਚ ਕੇ ਖੁਸ਼ੀਆਂ ਪ੍ਰਾਪਤ ਕਰੋ। ਇਸ ਦਿਨ ਮਸ਼ਹੂਰ ਰਾਗੀ ਜਥੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# 'ਰੇਡੀਓ ਵਤਨੋਂ ਦੂਰ' ਦਾ ਸਿੱਖੀ ਪ੍ਰਚਾਰ ਦੇ ਖੇਤਰ ਵਿਚ ਇਕ ਹੋਰ ਧਾਰਮਿਕ ਉਪਰਾਲਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਬੱਚਿਆਂ ਦਾ ਕੀਰਤਨ ਦਰਬਾਰ ਕਰਵਾਇਆ

**ਸੈਲਮਾ (ਕੁਲਵੀਰ ਹੇਅਰ) –** ਸਿੱਖੀ ਪ੍ਰਚਾਰ ਦੇ ਖੇਤਰ ਵਿਚ ਇਕ ਹੋਰ ਸਾਰਥਿਕ ਉਪਰਾਲਾ ਕਰਦਿਆਂ 'ਰੇਡੀਓ ਵਤਨੋਂ ਦੂਰ' ਦੀ ਸਮੁੱਚੀ ਟੀਮ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਬੱਚਿਆਂ ਦਾ ਕੀਰਤਨ ਦਰਬਾਰ ਅਤੇ ਧਾਰਮਿਕ ਸਮਾਗਮ ਗੁਰਦੁਆਰਾ ਗੁਰੂ ਕਲਗੀਧਰ ਸੈਲਮਾ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ।ਸਿੱਖ ਭਾਈਚਾਰੇ ਦੀ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਲਈ ਕੀਤੇ ਗਏ ਇਸ ਉਪਰਾਲੇ ਦੀ ਭਾਈਚਾਰੇ ਵਲੋਂ ਖੂਬ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਵਰਣਯੋਗ ਹੈ ਕਿ ਇਸ ਕੀਰਤਨ ਦਰਬਾਰ ਵਿਚ ਸਿਰਫ 'ਤੇ ਸਿਰਫ ਬੱਚਿਆਂ ਵਲੋਂ ਹੀ ਭਾਗ ਲਿਆ ਗਿਆ।ਸਮਾਗਮ ਵਿਚ ਭਾਗ ਲੈਣ ਆਏ ਭੁਚੰਗੀ ਸਿੰਘ ਬਹੁਤ ਹੀ ਉਤਸ਼ਾਹ ਵਿਚ ਨਜ਼ਰ ਆ ਰਹੇ ਸਨ ਅਤੇ ਬਹੁਤ ਹੀ ਪਿਆਰੇ ਲੱਗ ਰਹੇ ਸਨ।



ਖਾਸ ਗੱਲ ਇਹ ਸੀ ਕਿ ਸਮਾਗਮ ਦੀ ਅਰੰਭਤਾ ਤੋਂ ਲੈ ਕੇ ਸਮਾਪਤੀ ਤੱਕ ਹਰ ਧਾਰਮਿਕ ਰਸਮ ਬੱਚਿਆਂ ਨੂੰ ਵਲੋਂ ਸਿੱਖੀ ਮਰਯਾਦਾ ਅਨੁਸਾਰ ਬਾਖੂਬੀ ਨਿਭਾਈ ਗਈ। ਇਸ ਕੀਰਤਨ ਦਰਬਾਰ ਦੀ ਮੁਕੰਮਲਤਾ ਵਿਚ ਸਾਹਿਬ ਕਵੀ ਆਈ ਕਰੀਮ ਵੇਅਰ ਹਾਊਸ, ਖਾਲਸਾ ਟਰਾਂਸਪੋਰਟ, ਕੁਲਜੀਤ ਸਿੰਘ, ਅਰਵਿੰਦਰ ਸਿੰਘ ਲਾਖਣ, ਰਵਿੰਦਰ ਸਿੰਘ ਬੋਇਲ, ਕਰਮਜੀਤ ਸਿੰਘ ਤਲਵੰਡੀ, ਸਤਬੀਰ ਸਿੰਘ ਹੀਰ, ਭੁਪਿੰਦਰ ਸਿੰਘ, ਰਜਿੰਦਰ ਸਿੰਘ, ਸੁਰਿੰਦਰ ਸਿੰਘ ਮੰਡਾਲੀ, ਗੁਰਦੀਪ ਸਿੰਘ ਅਣਖੀ, ਮਨਜੀਤ ਸਿੰਘ ਪੱਤੜ, ਸ਼ੇਰ ਸਿੰਘ , ਭੁਪਿੰਦਰ ਸਿੰਘ, ਗੁਰਦੁਆਰਾ ਗੁਰੂ ਕਲਗੀਧਰ ਸਾਹਿਬ ਦੀ ਸਮੂਹ ਕਮੇਟੀ ਅਤੇ ਸਿੱਖ ਸੰਗਤ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਕੀਰਤਨ ਦਰਬਾਰ ਦੀ ਸ਼ੁਰੂਆਤ ਆਂਚਲ ਸਿੰਘ ਹੇਅਰ ਅਤੇ ਸਿੰਮਵੀਰ ਸਿੰਘ ਹੇਅਰ ਵਲੋਂ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਉਪਰੰਤ ਅਕਲਜੋਤ ਸਿੰਘ, ਆਨੰਦ ਸਿੰਘ, ਹਰਨੀਤ ਕੌਰ, ਗੁਰਪ੍ਰਸ਼ਾਦਿ ਕੌਰ, ਨਿਮਰ ਕੌਰ, ਪ੍ਰਭਜੋਤ ਕੌਰ, ਮਨਰਾਗਨੀ ਕੌਰ, ਸੁਖਦੀਪ ਕੌਰ, ਦਿਲਜੋਤ ਕੌਰ, ਹਿੰਮਤ ਸਿੰਘ, ਅਰਸ਼ਦੀਪ ਕੌਰ, ਸੁਖਮਨ ਕੌਰ, ਹਨੀਤ ਕੌਰ, ਸਾਹਿਬ ਸਿੰਘ, ਸੀਧਾਂਤ ਸਿੰਘ, ਹਮਰੀਤ ਕੌਰ, ਹਰਮਨਪ੍ਰੀਤ ਕੌਰ, ਬਿਸ਼ਮਨਪ੍ਰੀਤ ਸਿੰਘ, ਜੋਗਾ ਸਿੰਘ, ਕਵੀਦੀਪ ਸਿੰਘ, ਮੋਨਿਕਾ ਸਿੰਘ, ਕਮਲ ਕੌਰ, ਕੀਰਤਨ ਕੌਰ, ਇਕਓਂਕਾਰ ਕੌਰ, ਹਰਜੋਤ ਸਿੰਘ, ਤਮੰਨਾ ਕੌਰ, ਹਰਜੋਤ ਕੌਰ, ਦਲਵੀਰ ਕੌਰ, ਹਰਮਨਜੀਤ ਕੌਰ, ਗੁਰਜੀਵਨ ਕੌਰ, ਖੁਸ਼ਮੀਤ ਸਿੰਘ, ਮਨਵੀਰ ਕੌਰ, ਪ੍ਰਭਵੀਰ ਕੌਰ, ਖੇਵਨ ਖੁਦਾਈ ਕੌਰ, ਹਰਬਾਵਰੀ ਕੌਰ, ਸਾਹਿਬ ਕਵੀਸ਼ਰ ਸਿੰਘ, ਸੇਨਰੂਪ ਕੌਰ, ਸਰਬਜੋਤ ਸਿੰਘ, ਹਰਲਿਵ ਲੱਗੀ ਕੌਰ, ਭੁਪਿੰਦਰ ਕੌਰ, ਅਨਮੋਲ ਸਿੰਘ , ਦਿਲਵੀਰ ਕੌਰ, ਧੰਨਰੂਪ ਸਿੰਘ, ਅਵਲਨੂਰ ਕੌਰ, ਅਤੇ ਹੋਰ ਬੱਚਿਆਂ ਨੇ ਕੀਰਤਨ, ਪਾਠ, ਜੋਸ਼ੀਲੀਆਂ ਕਵਿਤਾਵਾਂ ਪੇਸ਼ ਕੀਤੀਆਂ।

ਇਥੇ ਇਹ ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਹੈ ਕਿ ਬੱਚਿਆਂ ਵਲੋਂ ਸਾਰਾ ਸਮਾਗਮ ਖੁਦ ਹੀ ਚਲਾਇਆ ਗਿਆ।ਇਥੇ ਇਹ ਵੀ ਦੱਸਣਯੋਗ ਹੈ ਕਿ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਰੈਡੀਓ ਵਤਨੋਂ ਦੂਰ ਦਾ ਪ੍ਰੋਗਰਾਮ ਹੋਸਟ ਕਰਨ ਦਾ ਵੀ ਬੱਚਿਆਂ ਨੂੰ ਮੌਕਾ ਦਿੱਤਾ ਜਾਂਦਾ ਹੈ।

ਆਖਰ ਵਿਚ ਵਤਨੋਂ ਦੂਰ ਦੀ ਸਾਰੀ ਟੀਮ ਵਲੋਂ ਸਮੂਹ ਬੱਚਿਆਂ, ਮਾਪਿਆਂ ਨੂੰ ਸੰਗਤ ਅਤੇ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਦਾ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਗੁਰਦੁਆਰਾ ਕੈਪੀਟਲ ਸਿੱਖ ਟੈਂਪਲ ਵਿਖੇ ਮੈਡੀਕਲ ਕੈਂਪ ਦਾ ਅਯੋਜਨ

**ਸੈਕਰਾਮੈਂਟੋ (ਕੁਲਵੀਰ ਹੇਅਰ) –** ਗੁਰਦੁਆਰਾ ਸਾਹਿਬ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ ਵਿਖੇ ਸੁਖਬੀਰ ਕੌਰ ਸ਼ੇਰਗਿੱਲ ਦੀ ਅਗਵਾਈ 'ਚ ਰਾਈਟ ਐਡ ਵਲੋਂ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਦੌਰਾਨ 700 ਦੇ ਲਗਭਗ ਲੋਕਾਂ ਨੇ ਮੈਡੀਕਲ ਕੈਂਪ ਦਾ ਲਾਭ ਲਿਆ। ਇਸ ਦੌਰਾਨ ਮਰੀਜ਼ਾਂ ਦੇ ਮੈਡੀਕਲ ਟੈਸਟ ਕਰਨ ਦੇ ਨਾਲ ਨਾਲ ਫਲੂ (ਬੁਖਾਰ) ਤੋਂ ਬਚਾਅ ਦੇ ਟੀਕੇ ਲਗਾਏ ਗਏ। ਇਸ ਮੈਡੀਕਲ ਕੈਂਪ ਦੀ ਭਾਈ ਗੁਰਤੇਜ ਸਿੰਘ ਚੀਮਾ, ਭਾਈ ਸੁਖਜੀਤਪਾਲ ਸਿੰਘ ਅਤੇ ਕੁਲਦੀਪ ਸਿੰਘ ਨੇ ਕਾਫੀ ਮਦਦ





ਕੀਤੀ। ਇਸ ਮੌਕੇ ਰਾਈਟ ਐਡ ਵਲੋਂ ਸੁਖਬੀਰ ਕੌਰ ਸ਼ੇਰਗਿੱਲ ਨੇ ਸੰਗਤ ਨੂੰ ਫਲੂ ਸੀਜ਼ਨ ਤੋਂ ਬਚਣ ਬਾਰੇ ਜਾਣਕਾਰੀ ਦਿੱਤੀ ਜਿਸ ਦੀ ਸਮੂਹ ਸੰਗਤ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਸੁਖਬੀਰ ਨੇ ਕਿਹਾ ਕਿ ਉਹ ਆਪਣੀ ਪੂਰੀ ਤਨਦੇਹੀ ਨਾਲ ਸਮੇਂ ਸਮੇਂ ਤੇ ਸੰਗਤਾਂ ਲਈ ਮੈਡੀਕਲ ਸਹੂਲਤਾਂ ਪ੍ਰਦਾਨ ਕਰਦੇ ਰਹਿਣਗੇ। ਆਖਰ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤ ਵਲੋਂ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

ਸਪੈਸ਼ਲ ਅਮਰ ਤਿੱਲਾ
ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ
(ਸਫੈਦ ਪਾਣੀ ਲਕੋਰੀਆ)



ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।

ਆਯੂਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ
ਅਮਰ ਕੋਰਸ ®
ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ
ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।



ਵੈਦ ਅਮਰਜੀਤ ਅਮਰ
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।

ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ। ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਤੁਰੰਤ ਪੁੱਛਣ ਲਈ
98140-29888
98763-39888

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸੈਕਰਾਮੈਂਟੋ) ਵੱਲੋਂ ਸ਼ਹੀਦ ਊਧਮ ਸਿੰਘ ਸ਼ਰਧਾਂਜਲੀ ਸਮਾਗਮ


















**ਸੈਕਰਾਮੈਂਟੋ (ਬਿਊਰੋ)–** ਇੱਥੇ ਫਰੈਂਕਲਨ ਬੁਲੇਵਡ ਤੇ ਪੰਜਾਬੀ ਭਾਈਚਾਰੇ ਵਿਚ ਚੰਡੀਗੜ੍ਹ ਅਪਾਰਟਮੈਂਟ ਦੇ ਨਾਂ ਨਾਲ ਜਾਣੇ ਜਾਂਦੇ ਅਸਥਾਨ ਦੇ ਹਾਲ ਵਿਚ ਚਰਨ ਸਿੰਘ ਜੱਜ ਦੇ ਉਦਮ ਸਦਕਾ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਸ਼ਹੀਦ ਊਧਮ ਸਿੰਘ, ਜਿਹਨਾਂ ਨੇ ਜਲ੍ਹਿਆਂ ਵਾਲੇ ਬਾਗ ਦਾ ਲੰਡਨ ਵਿਚ ਅਡਵਾਇਰ ਨੂੰ ਮਾਰ ਕੇ ਬਦਲਾ ਲਿਆ ਸੀ, ਦਾ ਸ਼ਰਧਾਂਜਲੀ ਸਮਾਗਮ ਬੀਤੇ ਐਤਵਾਰ ਨੂੰ ਭਾਰੀ ਇਕੱਠ ਵਿਚ ਮਨਾਇਆ ਗਿਆ।

ਸਭ ਤੋਂ ਪਹਿਲਾਂ ਸਭਾ ਦੇ ਸਕੱਤਰ ਜਸਵੰਤ ਜੱਸੀ ਸ਼ੀਮਾਰ ਨ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਪ੍ਰਧਾਨਗੀ ਮੰਡਲ ਵਿਚ ਜਿਹਨਾਂ ਨੂੰ ਬੈਠਣ ਲਈ ਸੱਦਾ ਦਿੱਤਾ, ਉਹਨਾਂ ਦੇ ਨਾਂ ਹਨ– ਦਲਵੀਰ ਦਿਲ ਨਿੱਜਰ, ਹਰਬੰਸ ਜਗਿਆਸੂ, ਚਰਨ ਸਿੰਘ ਜੱਜ, ਸੁਖਵਿੰਦਰ ਕੰਬੋਜ, ਪ੍ਰਗਟ ਸਿੰਘ ਹੁੰਦਲ। ਇਸ ਤੋਂ ਬਾਅਦ ਚਰਨ ਸਿੰਘ ਜੱਜ ਅਤੇ ਦਲਵੀਰ ਦਿਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਕਹਿੰਦੇ ਹਨ ਜਿਹੜੀਆਂ ਕੌਮਾਂ ਸ਼ਹੀਦਾਂ ਦਾ ਇਤਿਹਾਸ ਭੁੱਲ ਜਾਂਦੀਆਂ ਹਨ, ਉਹ ਕੌਮਾਂ ਰੁਲ ਜਾਂਦੀਆਂ ਹਨ। ਇਸੇ ਕਰਕੇ ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ ਜਿਹਨਾਂ ਕਵਆਂ ਨੇ ਜੋਸ਼ੀਲੀਆਂ ਕਵਿਤਾਵਾਂ ਅਤੇ ਗੀਤ ਸੁਣਾਏ, ਉਹਨਾਂ ਦੇ ਨਾਮ ਹਨ– ਅੰਮ੍ਰਿਤਪਾਲ ਸਿੰਘ, ਸੁਖਵਿੰਦਰ ਕੰਬੋਜ, ਜਸਵੰਤ ਜੱਸੀ ਸ਼ੀਮਾਰ, ਦਲਵੀਰ ਦਿਲ ਨਿੱਜਰ, ਇੰਦਰਜੀਤ ਗਰੇਵਾਲ, ਜੋਤੀ ਸਿੰਘ, ਜੀਵਨ ਰੱਤੂ, ਗੋਗੀ ਸੰਧੂ, ਕਮਲ ਦੇਵ ਪਾਲ, ਮਹਿੰਦਰ ਸਿੰਘ ਘੱਗ, ਕਮਲ ਬੰਗਾ, ਹਰਬੰਸ ਜਗਿਆਸੂ, ਰਾਠੇਸ਼ਵਰ ਸੂਰਾਪਰੀ, ਦਵਿੰਦਰ ਕੌਰ, ਦਲਜੀਤ ਸੂਦ, ਪ੍ਰੋ: ਹਰਪਾਲ ਸਿੰਘ ਜਿਹਨਾਂ ਦੇ ਲੇਖ ਅਖਬਾਰਾਂ ਵਿਚ ਛਪਦੇ ਰਹਿੰਦੇ ਹਨ। ਮਹਿੰ–ਦਰਜੀਤ ਸਿੰਘ ਬਾਜਵਾ, ਮਨਜੀਤ ਸੇਖੋਂ, ਪਰਮਿੰਦਰ ਰਾਏ ਖਾਨਖਾਨਾ, ਧਾਮੀ ਫੱਗਣ, ਮਾਸਟਰ ਮੁਖਤਿਆਰ ਸਿੰਘ, ਹਰਚਰਨ ਸਿੰਘ, ਸੁਖਦੇਵ ਸਿੰਘ, ਤਾਰਾ ਸਾਗਰ, ਅਸ਼ੋਕ ਟਾਂਗਰੀ, ਕੁੰਦਨਪਾਲ ਆਦਿ।

ਇਸ ਮੌਕੇ ਜਿਹੜੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ, ਉਹ ਹਨ ਖੁਸ਼ਪਾਲ ਸਿੰਘ ਭੁੱਲਰ, ਦਰਸ਼ਨ ਸਿੰਘ, ਕਰਤਾਰ ਸਿੰਘ, ਉਜਾਗਰ ਸਿੰਘ, ਸ਼ਿਵਜੋਤ ਸਿੰਘ, ਦਲਜੀਤ ਸਿੰਘ ਅਟਵਾਲ, ਸੁਰਿੰਦਰ ਗਿੱਲ, ਗੁਰਮੇਲ ਗਿੱਲ, ਬਿਮਲਾ ਅਰੋੜਾ, ਬਰਿੰਦਰ ਸੇਖੋਂ, ਡਾ. ਦਲਜੀਤ ਸਿੰਘ, ਕਰਨੈਲ ਸਿੰਘ, ਸੰਤੋ ਸਿੰਘ, ਰਾਜਕੁਮਾਰ ਲੱਧੜ, ਪਰੀਤ, ਸੁਰਿੰਦਰਪਾਲ ਸਿੰਘ ਵਿਸਮਾਦ ਅਕੈਡਮੀ, ਹਰਚਰਨ ਸਿੰਘ ਸਾਹਨੀ। ਇਹਨਾਂ ਤੋਂ ਇਲਾਵਾ ਤਕਰੀਬਨ ਸੌ ਕੁ ਦੇ ਕਰੀਬ ਹਾਜ਼ਰੀ ਸੀ।

ਖਾਣ ਪੀਣ ਦਾ ਵੀ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਅੰਤ ਵਿਚ ਚਰਨ ਸਿੰਘ ਜੱਜ ਅਤੇ ਦਲਵੀਰ ਦਿਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਹਰ ਸਾਲ ਇਸ ਤਰ੍ਹਾਂ ਦਾ ਪ੍ਰੋਗਰਾਮ ਕੀਤਾ ਜਾਇਆ ਕਰੇਗਾ।

ਸਰੋਤਿਆਂ ਨੇ ਸਾਰੇ ਹੀ ਕਵੀਆਂ ਨੂੰ ਬੜਾ ਹੀ ਸਲਾਹਿਆ ਅਤੇ ਤਾੜੀਆਂ ਨਾਲ ਦਾਦ ਦਿੰਦੇ ਰਹੇ। ਿ ਇ ਹ ਪ੍ਰੋਗਰਾਮ ਬੜਾ ਹੀ ਕਾਮਯਾਬ ਹੋ ਨਿੱਬੜਿਆ।

-------

## ਫਾਈਨਲ ਮੈਚ ਵਿਚ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੂੰ ਕੀਤਾ 6-4 ਨਾਲ ਚਿੱਤ




**ਖਡੂਰ ਸਾਹਿਬ (ਬਿਊਰੋ)–** ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਕਾਰਜਸ਼ੀਲ ਨਿਸ਼ਾਨ–ਏ–ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਚਲਾਈ ਜਾ ਰਹੀ ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਖਡੂਰ ਸਾਹਿਬ ਨੇ ਭਾਰਤ ਦੀਆਂ ਚੋਟੀ ਦੀਆਂ ਮੰਨੀਆਂ ਜਾਣ ਵਾਲੀਆਂ ਹਾਕੀ ਟੀਮਾਂ ਨੂੰ ਪਛਾੜਦਿਆਂ 13ਵਾਂ ਸਰਬ ਭਾਰਤੀ ਓ.ਐਨ.ਜੀ.ਸੀ. ਐੱਸ.ਐਨ. ਵੋਹਰਾ ਮੈਮੋਰੀਅਲ ਸਬ ਜੂਨੀਅਰ (ਅੰਡਰ 14) ਹਾਕੀ ਟੂਰਨਾਮੈਂਟ ਜਿੱਤ ਲਿਆ ਹੈ। ਇਸ ਮਾਣਮੱਤੀ ਪ੍ਰਾਪਤੀ ਨੇ ਇਕ ਵਾਰ ਫਿਰ ਖਡੂਰ ਸਾਹਿਬ ਦਾ ਨਾਂ ਪੂਰੇ ਭਾਰਤ ਵਿਚ ਰੌਸ਼ਨ ਕੀਤਾ ਹੈ।

ਟਰੱਸਟ ਦੇ ਬੁਲਾਰੇ ਸੁਰਜੀਤ ਸਿੰਘ ਵਲੋਂ ਮਿਲੀ ਜਾਣਕਾਰੀ ਅਨੁਸਾਰ ਦੇਸ਼ ਦਾ ਇਹ ਵੱਕਾਰੀ ਹਾਕੀ ਟੂਰਨਾਮੈਂਟ ਮੁਹਾਲੀ ਦੇ ਐ–ਸਟਰੋਟਰਫ ਹਾਕੀ ਸਟੇਡੀਅਮ ਵਿਚ ਖੇਡਿਆ ਗਿਆ, ਜਿਸ ਦੇ ਫਾਈਨਲ ਮੈਚ ਵਿਚ ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਨੇ ਖਿਤਾਬ ਦੇ ਦਾਅਵੇਦਾਰਾਂ ਵਿੱਚੋਂ ਇਕ ਮੰਨੀ ਜਾਣ ਵਾਲੀ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੂੰ 6–4 ਹਰਾ ਕੇ ਟਰਾਫੀ ਆਪਣੀ ਝੋਲੀ ਵਿਚ ਪਾਈ। ਦੋਹਾਂ ਟੀਮਾਂ ਵਿਚਕਾਰ ਮੁਕਾਬਲ ਬੇਹੱਦ ਰੁਮਾਂਚਕ ਰਿਹਾ ਅਤੇ ਬਹੁਤਾ ਸਮਾਂ ਦੋਵੇਂ ਟੀਮਾਂ ਬਰਾਬਰ ਚਲਦੀਆਂ ਰਹੀਆਂ। ਜੇਤੂ ਟੀਮ ਵਲੋਂ ਖਿਡਾਰੀ ਬਲਕਾਰ ਸਿੰਘ ਨੇ 3, ਪ੍ਰਭਜੋਤ ਸਿੰਘ ਨੇ 2 ਅਤੇ ਰਵਿੰਦਰ ਸਿੰਘ ਨੇ 1 ਗੋਲ ਕੀਤਾ। ਮੈਚ ਦਾ ਪਹਿਲਾ ਗੋਲ ਪ੍ਰਭਜੋਤ ਸਿੰਘ ਨੇ ਪਹਿਲੇ ਮਿੰਟ ਵਿਚ ਕਰ ਦਿੱਤਾ।

ਜੇਤੂ ਟੀਮ ਨੂੰ ਟਰਾਫੀ ਅਤੇ ਤਗਮਿਆਂ ਤੋਂ ਇਲਾਵਾ 45 ਹਜ਼ਾਰ ਰੁਪਏ ਦਾ ਇਨਾਮ ਚੈੱਕ ਦੇ ਰੂਪ ਵਿਚ ਦਿੱਤਾ ਗਿਆ। ਇਸ ਤੋਂ ਇਲਾਵਾ ਇਸ ਦੇ ਗੋਲ ਕੀਪਰ ਰਾਹੁਲ ਨੂੰ ਬੈਸਟ ਪਲੇਅਰ ਆਫ ਦਿ ਟੂਰਨਾਮੈਂਟ, ਰਵਿੰਦਰ ਸਿੰਘ ਨੂੰ ਬੈਸਟ ਫੁੱਲਬੈਕ ਅਤੇ ਪ੍ਰਭਜੋਤ ਸਿੰਘ ਨੂੰ ਬੈਸਟ ਫਾਰਵਰਡ ਦੇ ਖਿਤਾਬ ਦਿੱਤੇ ਗਏ। ਸੈਮੀਫਾਈਨਲ ਵਿਚ ਇਸ ਟੀਮ ਨੇ ਹਰਿਆਣਾ ਇਲੈਵਨ ਦੀ ਟੀਮ ਨੂੰ 5–0 ਨਾਲ ਬੁਰੀ ਤਰਾਂ ਹਰਾਇਆ ਸੀ।

ਜੇਤੂ ਟੀਮ ਦੇ ਕੋਚ ਬਲਕਾਰ ਸਿੰਘ ਅਤੇ ਬਲਵਿੰਦਰ ਸਿੰਘ ਨੇ ਇਸ ਮਾਣਮੱਤੀ ਜਿੱਤ ’ਤੇ ਡੂੰਘੀ ਖੁਸ਼ੀ ਦਾ ਇਜ਼ਹਾਰ ਕੀਤਾ।

ਬਾਬਾ ਸੇਵਾ ਸਿੰਘ ਜੋ ਕਿ ਇਸ ਸਮੇਂ ਇੰਗਲੈਂਡ ਦੌਰੇ ’ਤੇ ਹਨ, ਨੇ ਸਾਰੀ ਟੀਮ ਅਤੇ ਕੋਚ ਸਾਹਿਬਾਨ ਨੂੰ ਵਧਾਈ ਸੰਦੇਸ਼ ਭੇਜਿਆ।

## ਜੰਮੂ ਕਸ਼ਮੀਰ: ਹੜ੍ਹ ਦਾ ਪਾਣੀ ਘਟਿਆ, ਬਦਹਾਲੀ ਵਧੀ

**ਸ੍ਰੀਨਗਰ–** ਜੰਮੂ–ਕਸ਼ਮੀਰ ਦੇ ਹੜ੍ਹ ਮਾਰੇ ਖੇਤਰਾਂ ਵਿੱਚ ਬਹੁਤ ਸਾਰੇ ਲੋਕ ਅਜੇ ਵੀ ਘਰਾਂ ਦੀਆਂ ਛੱਤਾਂ ਅਤੇ ਦਰੱਖਤਾਂ ’ਤੇ ਬੈਠੇ ਪੀਣ ਵਾਲੇ ਪਾਣੀ ਅਤੇ ਖਾਣੇ ਲਈ ਤਰਸ ਰਹੇ ਹਨ ਜਦਕਿ ਸ੍ਰੀਨਗਰ ਸ਼ਹਿਰ ਵਿੱਚ ਹੜ੍ਹ ਦਾ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ ਅਤੇ ਬਚਾਓ ਕਾਰਜਾਂ ਵਿੱਚ ਤੇਜ਼ੀ ਆਈ ਹੈ। ਫੌਜ ਅਤੇ ਐਨ ਡੀਆਰ ਐਫ ਵੱਲੋਂ ਹੁਣ ਤਕ 76500 ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਗਿਆ ਹੈ ਪਰ 4 ਲੱਖ ਤੋਂ ਵੱਧ ਲੋਕ ਅਜੇ ਵੀ ਹੜ੍ਹ ਮਾਰੇ ਖੇਤਰਾਂ ਵਿੱਚ ਘਿਰੇ ਹੋਏ ਹਨ। ਰਾਵਲਪੁਰਾ ਦੀ ਕਯੂਮ ਕਲੋਨੀ ਵਿੱਚ ਪਿਛਲੇ ਪੰਜ ਦਿਨਾਂ ਤੋਂ ਆਪਣੇ ਪਰਿਵਾਰ ਨਾਲ ਘਿਰੀ ਮੀਨਾ ਅਹਿਮਦ ਨੇ ਕਿਹਾ, ’’ਸਾਨੂੰ ਤੁਰੰਤ ਪਾਣੀ ਤੇ ਖਾਣਾ ਚਾਹੀਦਾ ਹੈ। ਕਿਰਪਾ ਕਰਕੇ ਸਾਡੀ ਮਦਦ ਕਰੋ।’’ ਬਟਮਾਲੂ ਇਲਾਕੇ ਵਿੱਚ 70 ਮੈਡੀਕਲ ਵਿਦਿਆਰਥੀ ਹੋਸਟਲ ’ਚ ਘਿਰੇ ਹੋਏ ਹਨ। ਹਜਰਤਬਲ ਇਲਾਕੇ ’ਚ ਮਦੀਨਾ ਮਸਜਿਦ ਨੇੜੇ ਆਪਣੇ ਪਰਿਵਾਰ ਨਾਲ ਘਿਰੀ ਤਸਲੀਮਾ ਸ਼ਫੀ ਨੇ ਫੌਜ ਅਤੇ ਹਵਾਈ ਸੈਨਾ ਤੋਂ ਮਦਦ ਮੰਗੀ। ਇਕ ਵਿਅਕਤੀ ਨੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਫੌਜ ਨੂੰ ਮੁਕਾਮੀ ਇਲਾਕਿਆਂ ਦੀ ਸਮਝ ਨਹੀਂ ਹੈ ਜਦਕਿ ਰਾਜ ਸਰਕਾਰ ਦੀ ਮਸ਼ੀਨਰੀ ਕਿਤੇ ਵੀ ਨਜ਼ਰ ਨਹੀਂ ਆ ਰਹੀ। ਫੌਜ ਅਤੇ ਹਵਾਈ ਸੈਨਾ ਨੇ ਹੜ੍ਹ ਮਾਰੇ ਇਲਾਕਿਆਂ ਵਿੱਚੋਂ ਲੋਕਾਂ ਨੂੰ ਕੱਢਣ ਅਤੇ ਉਨ੍ਹਾਂ ਤਕ ਖਾਣਾ ਤੇ ਦਵਾਈਆਂ ਪਹੁੰਚਾਉਣ ਲਈ 329 ਕੰਪਨੀਆ ਅਤੇ 79 ਹਵਾਈ ਜਹਾਜ਼ਾਂ ਅਤੇ ਹੈਲੀਕਾਪਟਰਾਂ ਦੀ ਤਾਇਨਾਤੀ ਕੀਤੀ ਹੈ। ਰੱਖਿਆ ਮਹਿਕਮੇ ਦੇ ਪੀ ਆਰ ਓ ਨੇ ਦੱਸਿਆ ਕਿ ਜੇਹਲਮ ਦਰਿਆ ਦੇ ਵਹਾਓ ਵਾਲੇ ਖੇਤਰਾਂ ਵਿੱਚ ਆਮ ਤੌਰ ’ਤੇ ਪਾਣੀ ਦਾ ਪੱਧਰ ਘਟਿਆ ਹੈ। ਪੀਆਰਓ ਕਰਨਲ ਜੀ.ਡੀ. ਗੋਸਵਾਮੀ ਨੇ ਦੱਸਿਆ, ’’ਸ੍ਰੀਨਗਰ ਸ਼ਹਿਰ ਵਿੱਚ ਪਾਣੀ ਦਾ ਪੱਧਰ 3–4 ਫੁੱਟ ਘਟਿਆ ਹੈ ਜਦਕਿ ਵੂਲਰ ਝੀਲ ਵਿੱਚ ਪਾਣੀ ਦਾ ਪੱਧਰ 6 ਕੁ ਇੰਚ ਵਧਿਆ ਹੈ।

ਮਾਨਸਬਲ ਝੀਲ ਵਿੱਚ ਪਾਣੀ ਦੀ ਸਤਹ 3 ਇੰਚ ਘਟ ਕੇ 18.3 ਫੁੱਟ ’ਤੇ ਆ ਗਈ ਹੈ ਜੋ ਅਜੇ ਵੀ ਖਤਰੇ ਦੇ ਨਿਸ਼ਾਨ ਤੋਂ 4 ਫੁੱਟ ਉਪਰ ਹੈ। ਉਂਜ, ਸ੍ਰੀਨਗਰ ਸ਼ਹਿਰ ਵਿੱਚ ਹੜ੍ਹ ਦੀ ਸਥਿਤੀ ਅਜੇ ਵੀ ਨਾਜ਼ੁਕ ਬਣੀ ਹੋਈ ਹੈ। ਬਚਾਓ ਕਰਮੀਆ ਵੱਲੋਂ ਹੜ੍ਹ ਦੀ ਮਾਰ ਹੇਠ ਆਏ ਉਨ੍ਹਾਂ ਖੇਤਰਾਂ ਤਕ ਪਹੁੰਚ ਕੀਤੀ ਜਾ ਰਹੀ ਹੈ, ਜਿਥੇ ਪਹਿਲਾਂ ਪਹੁੰਚ ਨਹੀਂ ਹੋ ਸਕੀ ਸੀ। ਸ਼ਹਿਰ ਦੇ ਰਾਜਬਾਗ, ਜਵਾਹਰ ਨਗਰ, ਗੋਗਜੀ ਬਾਗ ਅਤੇ ਸ਼ਿਵਪੁਰਾ ’ਚੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਜਾ ਰਿਹਾ ਹੈ।

ਉਂਜ ਇਨ੍ਹਾਂ ਕਲੋਨੀਆਂ ਦੇ ਬਾਹਰੀ ਖੇਤਰਾਂ ਵਿੱਚ ਵਸਦੇ ਲੋਕਾਂ ਵਿੱਚ ਮਾਯੂਸੀ ਵਧਦੀ ਜਾ ਰਹੀ ਹੈ ਜਦਕਿ ਅੰਦਰਲੇ ਖੇਤਰਾਂ ਦੇ ਲੋਕ ਕਾਫੀ ਜ਼ਿਮੇਵਾਰੀ ਦਿਖਾ ਰਹੇ ਹਨ ਅਤੇ ਉਹ ਬਚਾਓ ਕਰਮੀਆ ਨੂੰ ਜ਼ਿਆਦਾ ਮਾਰ ਹੇਠ ਆਏ ਖੇਤਰਾਂ ’ਚੋਂ ਲੋਕਾਂ ਨੂੰ ਬਚਾਉਣ ਲਈ ਪ੍ਰੇਰ ਰਹੇ ਹਨ। ਪੀਆਰਓ ਮੁਤਾਬਕ ਹਥਿਆਰਬੰਦ ਦਸਤਿਆ ਅਤੇ ਐਨ ਡੀ ਆਰ ਐਫ ਵੱਲੋਂ ਹੁਣ ਤਕ ਵੱਖ–ਵੱਖ ਖੇਤਰਾਂ ’ਚੋਂ 76500 ਲੋਕਾਂ ਨੂੰ ਬਚਾਇਆ ਗਿਆ ਹੈ। ਅਧਿਕਾਰੀਆਂ ਨੇ ਸੰਚਾਰ ਵਿਵਸਥਾ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ’ਤੇ ਸ਼ੁਰੂ ਕੀਤਾ ਹੋਇਆ ਹੈ। ਸੂਬਾਈ ਅਧਿਕਾਰੀਆ ਨੂੰ ਸੈਟੇਲਾਈਟ ਫੋਨ ਅਤੇ ਮੋਬਾਈਲ ਸੈੱਟ ਦਿੱਤੇ ਜਾ ਰਹੇ ਹਨ। ਹੁਣ ਤਕ ਬਟੋਟ, ਕਿਸ਼ਤਵਾੜ ਅਤੇ ਕਿਸ਼ਤਵਾੜਾ ਸਿੰਥਾਨ ਦੱਰੇ ਵਾਲੇ ਸੜਕੀ ਲਿੰਕ ਬਹਾਲ ਕੀਤੇ ਗਏ ਹਨ। ਸਿੰਥਾਨ ਦੱਰੇ ਤੇ ਅਨੰਤਨਾਗ ਵਿਚਾਲੇ ਲਿੰਕ ਲਈ ਕੰਮ ਚੱਲ ਰਿਹਾ ਹੈ ਅਤੇ ਜੰਮੂ–ਪੁਣਛ ਸੜਕ ’ਤੇ ਆਵਾਜਾਈ ਮੁੜ ਸ਼ੁਰੂ ਕਰ ਦਿੱਤੀ ਗਈ ਹੈ। ਫੌਜ ਨੇ ਹੁਣ ਤਕ 8200 ਕੰਬਲ ਤੇ 650 ਤੰਬੂ, 1.50 ਲੱਖ ਲਿਟਰ ਪਾਣੀ, 2.6 ਟਨ ਬਿਸਕੁਟ, 7 ਟਨ ਬੇਬੀ ਫੂਡ ਤੇ 28 ਹਜ਼ਾਰ ਖਾਣੇ ਦੇ ਪੈਕਟ ਹੜ੍ਹ ਮਾਰੇ ਖੇਤਰਾਂ ’ਚ ਪਹੁੰਚਾਏ ਹਨ।

ਚੰਡੀਗੜ੍ਹ ਅਤੇ ਦਿੱਲੀ ਤੋਂ ਹੋਰ ਰਾਹਤ ਸਮੱਗਰੀ ਹਵਾਈ ਜਹਾਜ਼ਾਂ ਰਾਹੀਂ ਮੰਗਵਾਈ ਜਾ ਰਹੀ ਹੈ।

## ਗ਼ਜ਼ਲ



ਜਸਵਿੰਦਰ ਸਿੰਘ
“ਰੁਪਾਲ”
9814715796

ਨਜ਼ਰ ਆਉਂਦੇ ਕਿਨਾਰੇ ਵੀ ਨਹੀਂ, ਹੁਣ ਤਾਂ ਮਲਾਹਾਂ ਨੂੰ।
ਭਟਕ ਚੁੱਕੇ ਨੇ ਪਾਂਧੀ ਵੀ, ਭੁਲਾ ਕੇ ਅਸਲ ਰਾਹਾਂ ਨੂੰ।
ਸੁਰੀਲੇ ਕੋਇਲ ਦੇ ਨਗ਼ਮੇ, ਮੇਰੇ ਯਾਰੋ ਗਏ ਕਿੱਥੇ ?
ਕਿਉ ਲੂ ਬੋਲਦੇ ਜਾਪਣ, ਜ਼ਰਾ ਵੇਖੋ ਉਤਾਹਾਂ ਨੂੰ।
ਨਾ ਸਰਗਮ ਹੈ, ਨਾ ਕਵਿਤਾ ਹੈ, ਗਵਾਚੇ ਰੰਗ ਨੇ ਸੂਹੇ,
ਕਿ ਖਿੜ ਨਾ ਹੱਸਣਾ ਕਿਉਂ ਭੁੱਲਿਆ ਜਾਪੇ ਕਪਾਹਾਂ ਨੂੰ?
ਲਹੂ ਡੁਲ੍ਹਿਐ, ਮੇਰੇ ਪਰ ਹੱਥ ਜੁੜੇ ਤੇ ਬੰਦ ਸਨ ਪਲਕਾਂ,
ਨਾ ਜੁੱਸੇ ਨੂੰ ਮੈਂ ਤੱਕ ਸਕਿਆ, ਨਾ ਡੌਲੇ ਨੂੰ ਨਾ ਬਾਹਾਂ ਨੂੰ।
ਮੇਰਾ ਉਸਤਾਦ ਹੁਣ ਜੁਗਨੂੰ, ਨਿਸ਼ਾਨਾ ਹੈ ਮੇਰਾ ਸੂਰਜ,
ਅਨੋਖੇ ਢੰਗ ਦੀ ਧੜਕਣ, ਜਰਾ ਦੇਵਾਂ ਮੈਂ ਸਾਹਾਂ ਨੂੰ।
ਮਿਟਾਣੇ ਨੇਰ ਮੈਂ ਸਾਰੇ, ਉਡਾਣੇ ਵਹਿਮ ਮੈਂ ਸਾਰੇ,
ਉਦਾਸੀ ਜਿੰਦਗੀ ਚੋਂਹੂੰ ਝਣੈ, ਪੀੜਾਂ ਤੇ ਆਹਾਂ ਨੂੰ।
ਸਫ਼ਰ ਤਾਂ ਹੁਣ ਸੁਰੂ ਹੋਇਐ, ਅਜੇ ਮੀਲਾਂ ਦਾ ਪੈਂਡਾ ਹੈ,
ਦਿਲਾਂ ਵਿੱਚ ਧਾਰੀਏ ਪੱਕੀ, ਉਤਾਹਾਂ ਨੂੰ, ਅਗਾਹਾਂ ਨੂੰ।

## ਲਾਹੌਰ ਨੇੜੇ ਹੜ੍ਹ ਕਾਰਨ ਮਸਜਿਦ ਡਿੱਗੀ, 24 ਮੌਤਾਂ

**ਲਾਹੌਰ–** ਲਾਹੌਰ ਸ਼ਹਿਰ ਦੇ ਕਾਫੀ ਬਾਹਰਵਾਰ, ਵਾਹਗਾ ਸਰਹੱਦ ਨੇੜੇ ਦੋ–ਮੰਜ਼ਿਲਾ ਮਸਜਿਦ ਕੱਲ੍ਹ ਸ਼ਾਮੀਂ ਉਸ ਸਮੇਂ ਢਹਿ ਗਈ ਜਦੋਂ ਇਸ ਵਿੱਚ ਕਰੀਬ 50 ਮੁਸਲਮਾਨ ਨਮਾਜ਼ ਅਦਾ ਕਰ ਰਹੇ ਸਨ। ਬਚਾਓ ਕਾਰਜਾਂ ਦੇ ਮੁਖੀ ਜਾਮ ਸੱਜਾਦ ਨੇ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ 24 ਹੋ ਗਈ ਹੈ। ਹੋਰ 21 ਜ਼ਖ਼ਮੀ ਲਾਹੌਰ ਦੇ ਕੁਝ ਹਸਪਤਾਲਾਂ ਵਿੱਚ ਦਾਖਲ ਕਰਾਏ ਗਏ ਹਨ ਜਿਨ੍ਹਾਂ ਵਿੱਚੋਂ ਸੱਤ ਵਿਅਕਤੀਆਂ ਦੀ ਹਾਲਤ ਬੇਹੱਦ ਗੰਭੀਰ ਹੈ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਮ੍ਰਿਤਕਾਂ ਦੇ ਵਾਰਸਾਂ ਲਈ ਪੰਜ ਲੱਖ ਰੁਪਏ (ਹਰੇਕ) ਮਾਲੀ ਮਦਦ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮਸਜਿਦ ਦੇ ਢਹਿਣ ਦਾ ਕਾਰਨ ਹੜ੍ਹ ਦੇ ਪਾਣੀ ਦਾ ਇਸ ਅੰਦਰ ਦਾਖਲ ਹੋਣਾ ਹੈ ਜਿਸ ਕਰਕੇ ਇਹ ਪੂਰੀ ਤਰ੍ਹਾਂ ਢਹਿ ਗਈ। ਪਾਕਿਸਤਾਨ ਵਿੱਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 250 ਹੋ ਗਈ ਹੈ। ਸਰਕਾਰ ਨੇ ਲੋਕਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਹੜ੍ਹਾਂ ਵਿੱਚ ਘਿਰੀਆਂ ਖਸਤਾ ਹਾਲ ਇਮਾਰਤਾਂ ਖਾਲੀ ਕਰਕੇ ਸੁਰੱਖਿਅਤ ਥਾਵਾਂ ਉਪਰ ਚਲੇ ਜਾਣ। ਮਸਜਿਦ ਦੇ ਮਲਬੇ ਵਿੱਚੋਂ ਲਾਸ਼ਾਂ ਤੇ ਜ਼ਖ਼ਮੀਆਂ ਨੂੰ ਕੱਢੇ ਜਾਣ ਦੇ ਅਪਰੇਸ਼ਨ ਵਿੱਚ ਸਥਾਨਕ ਲੋਕਾਂ ਨੇ ਵੀ ਬਹੁਤ ਸਾਥ ਦਿੱਤਾ। ਮਸਜਿਦ ਨੇੜਲੇ ਇਕ ਦੁਕਾਨਦਾਰ ਨੇ ਦੱਸਿਆ ਕਿ ਜਦੋਂ ਉਸ ਨੇ ਮਲਬਾ ਡਿੱਗਣ ਦਾ ਜ਼ੋਰਦਾਰ ਧਮਾਕਾ ਸੁਣਿਆ, ਉਹ ਤੁਰਤ ਘਟਨਾ ਸਥਾਨ ਉਪਰ ਪਹੁੰਚ ਗਿਆ।

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਨਵੀਂ ਕਮੇਟੀ ਦੀ ਚੋਣ

**ਪਿਟਸਬਰਗ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਨਵੀਂ ਕਮੇਟੀ ਦੀ ਹਾਲ ਹੀ ਵਿਚ ਚੋਣ ਕੀਤੀ ਗਈ। ਨਵੀਂ ਪ੍ਰਬੰਧਕ ਕਮੇਟੀ ਵਿਚ ਚੇਅਰਮੈਨ ਸ੍ਰੀ ਫਕੀਰ ਮਹਿਮੀ, ਉਪ ਚੇਅਰਮੈਨ ਸ੍ਰੀ ਹਰਮੇਸ਼ ਬੰਗੜ, ਪ੍ਰਧਾਨ ਰਮੇਸ਼ ਸੁਮਨ, ਉਪ ਪ੍ਰਧਾਨ ਸੋਮ ਨਾਥ ਭਾਟੀਆ, ਖਜਾਨਚੀ ਨਰਿੰਦਰ ਚਾਹਲ, ਸਹਾਇਕ ਖਜਾਨਚੀ ਜਰਨੈਲ ਸਿੰਘ, ਜਨਰਲ ਸਕੱਤਰ ਦਿਲਬਾਗ ਸਿੰਘ, ਸਹਾਇਕ ਸਕੱਤਰ ਅਭਿਸ਼ੇਕ ਪਾਲ, ਦੂਜੇ ਸਹਾਇਕ ਖਜਾਨਚੀ ਜਗਤਾਰ ਭਾਟੀਆ, ਬਲਬੀਰ ਪਾਲ ਬਾਹੀਆ, ਜਰਨੈਲ ਸਿੰਘ ਨੰਬਰਦਾਰ, ਕਰਨੈਲ ਸਿੰਘ ਨਰਬਤ, ਕਸ਼ਮੀਰ ਬਾਲੀ, ਕੁਲਵੰਤ ਕੌਰ ਬੰਗਾ (ਦੂਜੇ ਉਪ ਪ੍ਰਧਾਨ) ਰਾਣੀ ਨਰਬਤ, ਸਿਮਰ ਕੌਰ ਸਿੰਘ, ਸੋਮ ਨਾਥ ਸਿੰਘ, ਤਾਰੋ ਭਾਟੀਆ, ਵਿਜੈ ਕੁਮਾਰ ਪਾਲ, ਕੋਆਪਟਡ ਮੈਂਬਰ ਜਰਨੈਲ ਦੁੱਗ, ਜਿੰਦੋ ਸੀ ਰੱਲ੍ਹ, ਕੁਲਵੰਤ ਕੌਰ, ਮਦਨ ਬੰਗਾ, ਹਰਭਾਗ ਜਗੂਰ, ਸਲਾਹਕਾਰ ਕਮੇਟੀ ਵਿਚ ਬਲਵੀਰ ਚੰਦ ਮੱਲ, ਜੈਕ ਰਾਮ, ਓ. ਪੀ. ਬਾਲੀ, ਸੋਹਣ ਸਿੰਘ ਦਮਰੀਆ, ਸੁਖਰਾਜ ਚੋਪੜਾ, ਕਾਨੂੰਨੀ ਕਮੇਟੀ ਵਿਚ ਅਜੈ ਪਾਲ ਰਾਮ, ਹੇਮ ਰਾਜ ਰੱਤੂ, ਸ਼ਸ਼ੀ ਕੇ. ਪਾਲ ਦੀ ਚੋਣ ਕੀਤੀ ਗਈ।

## ਕੀਰਤਨੀਏ ਮੇਜਰ ਸਿੰਘ ਸਾਂਤ ਜਲੰਧਰ ਵਾਲੇ ਨਿਊਯਾਰਕ ਵਿਚ



**ਨਿਊਯਾਰਕ–** ਧੰਨ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਬਾਣੀ ਨੂੰ ਗੁਰੂ ਸਾਹਿਬਾਨਾਂ ਨੇ ਰਾਗਾਂ ਵਿਚ ਉਚਾਰਨ ਕੀਤਾ ਹੈ। ਇਹ ਬਾਣੀ 60 ਰਾਗਾਂ (ਜਿਹਨਾਂ ਵਿਚ 31 ਪ੍ਰਮੁੱਖ ਅਤੇ 29 ਸਹਾਇਕ) ਦਰਜ ਹੈ। ਗੁਰਬਾਣੀ ਜਿਸ ਰਾਗ ਅੰਦਰ ਉਚਾਰੀ ਗਈ, ਉਸੇ ਰਾਗ ਅੰਦਰ ਗਾਉਣ ਵਾਲੇ ਕੀਰਤਨੀਏ ਬਹੁਤ ਹੀ ਘੱਟ ਮਿਲਦੇ ਹਨ। ਇਹਨਾਂ ਵਿਚ ਇਕ ਨਾਂ ਹੈ ਭਾਈ ਮੇਜਰ ਸਿੰਘ ਸਾਂਤ ਜਲੰਧਰ ਵਾਲਿਆਂ ਦੇ ਜਥੇ ਦਾ ਜੋ ਕਿ ਅੱਜਕਲ੍ਹ ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਵਿਖੇ ਸਵੇਰੇ ਸ਼ਾਮ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ। ਇਹ ਪੂਰਾ ਸਤੰਬਰ ਮਹੀਨਾ ਆਪਣੇ ਸਾਥੀ ਭਾਈ ਗੁਰਦੀਪ ਸਿੰਘ ਅਤ ਭਾਈ ਸਤਨਾਮ ਸਿੰਘ ਤਲਬਾ ਵਾਦਕ ਨਾ ਕੀਰਤਨ ਦੀ ਸੇਵਾ ਕਰਕੇ ਸੰਗਤ ਤੋਂ ਅਸੀਸ ਪ੍ਰਾਪਤ ਕਰਨਗੇ। ਭਾਈ ਮੇਜਰ ਸਿੰਘ ਸਾਂਤ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਗੁਰਮੀਤ ਸਿੰਘ ਸਾਂਤ ਅਤੇ ਭਾਈ ਬਲਵੀਰ ਸਿੰਘ ਜੀ ਦੇ ਸ਼ਾਗਿਰਦ ਹਨ। ਸੰਗਤਾਂ ਨੂੰ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਹੁੰਮ ਹੁੰਮਾ ਕੇ ਸਵੇਰੇ ਸ਼ਾਮ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਭਾਈ ਮੇਜਰ ਸਿੰਘ ਸਾਂਤ ਨਾਲ 347-738-8978 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤੀ ਔਰਤ ਸ਼ੋਧਕਰਤਾ 'ਆਸਟ੍ਰੇਲੀਅਨ ਲਾਰੇਟ ਫੈਲੋਸ਼ਿਪ' ਨਾਲ ਸਨਮਾਨਤ



**ਮੈਲਬੋਰਨ–** ਭਾਰਤੀ ਮਹਿਲਾ ਸ਼ੋਧਕਰਤਾ ਵੀਨਾ ਸਹਿਜਵੱਲਾ ਸਣੇ 16 ਵਿਗਿਆਨਕਾਂ ਨੂੰ ਮਾਣਯੋਗ ਆਸਟ੍ਰੇਲੀਅਨ ਲਾਰੇਟ ਫੈਲੋਸ਼ਿਪ' ਨਾਲ ਸਨਮਾਨਤ ਕੀਤਾ ਗਿਆ। ਵੀਨਾ ਸਹਿਜਵੱਲਾ ਨੂੰ ਈ-ਕੂੜੇ ਦੇ ਸੂਖਮ ਮੁੜ (ਮਾਈਕ੍ਰੋ ਰੀਸਾਈਕਲਿੰਗ) 'ਤੇ ਕੀਤੇ ਗਏ ਕੰਮ ਲਈ ਸਨਮਾਨਤ ਕੀਤਾ ਗਿਆ ਹੈ।

ਯੂਨੀਵਰਸਿਟੀ ਆਫ ਨਿਊ ਸਾਊਥ ਵੇਲਸ (ਯੂ. ਐਨ. ਐਸ. ਡਬਲਿਊ.) ਦੇ ਸੈਂਟਰ ਫਾਰ ਸਸਟੇਨੇਬਲ ਮੈਟੇਰਿਅਲਸ ਰਿਸਰਚ ਐਂਡ ਟੈਕਨਾਲੋਜੀ ਦੀ ਨਿਦੇਸ਼ਕ ਵੀਨਾ ਸਹਿਜਵੱਲਾ ਨੂੰ ਹਾਲ ਹੀ 'ਚ ਉਨ੍ਹਾਂ ਦੇ ਸ਼ੋਧ ਕਾਰਜ ਲਈ 23.7 ਲੱਖ ਆਸਟ੍ਰੇਲੀਅਨ ਡਾਲਰ ਦੀ ਰਾਸ਼ੀ ਇਨਾਨ ਵਜੋਂ ਦਿੱਤੀ ਗਈ ਸੀ। ਸਹਿਜਵੱਲਾ ਨੂੰ 'ਜਿਓਰਜੀਨਾ ਸਵੀਟ ਫੈਲੋਸ਼ਿਪ' ਨਾਲ ਵੀ ਸਨਮਾਨਤ ਕੀਤਾ ਗਿਆ ਹੈ। ਇਸ ਦੇ ਤਹਿਤ ਉਹ ਆਪਣੀ ਸ਼ੋਧ ਪ੍ਰਾਜੈਕਟ ਤੋਂ ਇਲਾਵਾ ਅਨੁਸੰਧਾਨ ਦੇ ਖੇਤਰ 'ਚ ਔਰਤਾਂ ਨੂੰ ਹੁੰਗਾਰਾ ਦੇਣ ਲਈ ਸਦਭਾਵਨਾ ਦੂਤ ਦੀ ਭੂਮਿਕਾ ਨਿਭਾਏਗੀ।

ਹਾਲ ਹੀ 'ਚ ਇਨ੍ਹਾਂ ਸਾਰਿਆਂ ਫੈਲੋਸ਼ਿਪ ਦਾ ਐਲਾਨ ਕਰਦੇ ਹੋਏ ਆਸਟ੍ਰੇਲੀਆ ਦੇ ਸਿੱਖਿਆ ਮੰਤਰੀ ਕ੍ਰਿਸਟੋਫਰ ਪਾਇਨੇ ਨੇ ਕਿਹਾ ਕਿ ਦੇਸ਼ ਦੇ ਭਵਿੱਖ ਲਈ ਇਸ ਤਰ੍ਹਾਂ ਦੀ ਫੈਲੋਸ਼ਿਪ ਮਹੱਤਵਪੂਰਨ ਨਿਵੇਸ਼ ਹੈ।

## ਭਾਰਤ ਦਾ 'ਮੰਗਲਯਾਨ' ਇਤਿਹਾਸ ਰਚਣ ਦੇ ਪਹੁੰਚਿਆ ਨੇੜੇ

**ਨਵੀਂ ਦਿੱਲੀ–** ਸਦੀਆਂ ਤੋਂ ਇਨਸਾਨ ਲਈ ਪਹੇਲੀ ਬਣਿਆ ਮੰਗਲ ਗ੍ਰਹਿ 'ਤੇ ਤਿਰੰਗਾ ਲਹਿਰਾਉਣ ਜਾ ਰਹੇ 'ਮੰਗਲਯਾਨ' ਦੇ ਲਾਲ ਗ੍ਰਹਿ ਦੇ ਪੰਧ 'ਚ ਦਾਖਲ ਕਰਦੇ ਹੀ ਭਾਰਤ ਇਸ ਮੁਹਿੰਮ ਨੂੰ ਸਫਲਤਾਪੂਰਵਕ ਅੰਜ਼ਾਮ ਤੱਕ ਪਹੁੰਚਾਉਣ ਵਾਲਾ ਏਸ਼ੀਆ ਦਾ ਪਹਿਲਾ ਅਤੇ ਦੁਨੀਆ ਦਾ ਚੌਥਾ ਦੇਸ਼ ਬਣ ਜਾਵੇਗਾ। ਹੁਣ ਤੱਕ ਅਮਰੀਕਾ, ਰੂਸ ਅਤੇ ਯੂਰੋਪੀਅਨ ਸੰਘ ਹੀ ਮੰਗਲ 'ਤੇ ਸਫਲਤਾਪੂਰਵਕ ਮਿਸ਼ਨ ਭੇਜਣ 'ਚ ਸਫਲ ਰਹੇ ਹਨ। ਮੰਗਲ 'ਤੇ ਇਸ ਤੋਂ ਪਹਿਲਾਂ ਕੁੱਲ 22 ਆਰਬਿਟਰ ਮਿਸ਼ਨ ਭੇਜੇ ਗਏ, ਜਿਸ ਵਿਚੋਂ ਸਿਰਫ 9 ਹੀ ਸਫਲ ਰਹੇ ਹਨ। ਭਾਰਤ ਦਾ ਮੰਗਲਯਾਨ 24 ਸਤੰਬਰ ਨੂੰ ਮੰਗਲ ਦੇ ਪੰਧ ਵਿਚ ਦਾਖਲ ਹੋ ਜਾਵੇਗਾ। ਇਸ ਯਾਨ ਨੂੰ ਪਿਛਲੇ ਸਾਲ 5 ਨਵੰਬਰ ਨੂੰ ਪੀ. ਐਸ. ਐਲ. ਵੀ. ਸੀ-25 ਜ਼ਰੀਏ ਲਾਂਚ ਕੀਤਾ ਗਿਆ ਸੀ ਅਤੇ ਇਹ ਹੁਣ ਤੱਕ ਆਪਣੇ ਮਿਸ਼ਨ ਦੀ 90 ਫੀਸਦੀ ਤੋਂ ਵਧ ਦੂਰੀ ਪਾਰ ਕਰ ਚੁੱਕਾ ਹੈ। ਉਂਝ ਧਰਤੀ ਦੇ ਗੁਆਂਢ ਗ੍ਰਹਿ ਮੰਗਲ 'ਤੇ ਆਰਬਿਟਰ ਭੇਜਣ ਦੀ ਸ਼ੁਰੂਆਤ ਸੋਵੀਅਤ ਸੰਘ ਨੇ ਸ਼ੀਤ ਯੁੱਧ ਦੇ ਦੌਰ 'ਚ ਕੀਤੀ ਸੀ। ਉਸ ਨੇ 27 ਮਾਰਚ 1969 ਨੂੰ ਮਾਰਸ-2ਐਮ ਨਾਂ ਤੋਂ ਕਿ ਮਿਸ਼ਨ ਮੰਗਲ ਲਈ ਭੇਜਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਨਾਕਾਮ ਰਿਹਾ।

# ਲਾਵਾਰਸ ਬੱਚਿਆਂ ਦਾ ਵਾਰਿਸ ਕੌਣ ਹੈ?



**ਅਮਰਜੀਤ ਚੰਦਰ**

ਬੱਚੇ ਜਿਹਨਾਂ ਨੂੰ ਅਸੀ ਲਾਵਾਰਸ ਕਹਿੰਦੇ ਹਾਂ ਉਹ ਅਸਲ ਵਿਚ ਹੈ ਕੌਣ? ਉਹ ਬੱਚੇ ਕਿਥੋਂ ਆਉਦੇ ਹਨ? ਕੀ ਉਹਨਾਂ ਬੱਚਿਆਂ ਨੂੰ ਸਾਡੇ ਦੇਸ਼ ਦੀਆਂ ਸੜਕਾਂ ਜਨਮ ਦਿੰਦੀਆਂ ਹਨ,ਧਰਤੀ ਜਨਮ ਦਿੰਦੀ ਹੈ ਜਾਂ ਉਹ ਬੱਚੇ ਆਸਮਾਨ ਤੋਂ ਟੱਪਕਦੇ ਹਨ? ਦਰਆਸਲ ਉਹਨਾਂ ਬੱਚਿਆਂ ਨੂੰ ਸਾਡੇ ਦੇਸ਼ ਦੀ ਅਰਥ ਵਿਵਸਥਾ ਸਾਡੇ ਦੇਸ਼ ਦਾ ਸਮਾਜ ਹੀ ਪੈਦਾ ਕਰਦਾ ਹੈ। ਸਾਡੇ ਸਮਾਜ਼ ਵਿਚੋ ਹੀ ਕਿਸੇ ਨਾ ਕਿਸੇ ਨੇ ਇਹਨਾਂ ਬੱਚਿਆ ਨੂੰ ਮਜਬੂਰ ਕੀਤਾ ਹੋਵੇਗਾ 'ਸੜਕ ਦੇ ਬੱਚੇ, ਲਾਵਾਰਸ ਬੱਚੇ, ਜਾਂ ਗੁੰਮਸੁਦਾ ਬੱਚੇ' ਬਣਨ ਦੇ ਲਈ। ਇਹਨਾਂ ਬੱਚਿਆ ਦੀ ਬਦਕਿਸਮਤੀ ਇਹ ਹੈ ਕਿ ਇਹਨਾਂ ਬੱਚਿਆਂ ਦੀਆਂ ਭਾਵਨਾਵਾਂ ਨੂੰ ਅੱਜ ਦੇ ਸਮਾਜ ਵਿਚ ਕੋਈ ਵੀ ਸੁਣਨ ਵਾਲਾ ਨਹੀ ਹੈ ਅਤੇ ਨਾ ਹੀ ਕੋਈ ਸਮਝ ਰਿਹਾ ਹੈ ਤੇ ਨਾ ਹੀ ਕਿਸੇ ਕੋਲ ਸੁਣਨ ਦਾ ਸਮ੍ਹਾਂ ਹੈ। ਇਕ ਪਾਸੇ ਬੱਚਿਆ ਦੇ ਹੱਥ ਪੈਰ ਕੱਟ ਕੇ ਉਹਨਾਂ ਨੂੰ ਅੰਗਹੀਣ ਬਣਾ ਕੇ ਉਹਨਾਂ ਤੋਂ ਭੀਖ ਮੰਗਵਾਈ ਜਾਂਦੀ ਹੈ ਆਪਣੀਆਂ ਤਜੌਰੀਆਂ ਭਰਣ ਦੇ ਲਈ ਉਹਨਾਂ ਬੱਚਿਆਂ ਦੀ ਜਿੰਦਗੀ ਨਾਲ ਖਿਲਵਾੜ ਕੀਤਾ ਜਾਂਦਾ ਹੈ। ਦੂਜੇ ਪਾਸੇ ਸਾਡਾ ਸਮਾਜ਼ ਉਹਨਾਂ ਨੂੰ ਨਾਲੀ ਦੇ ਕੀੜਿਆਂ ਦੀ ਤਰਾਂ ਨਫਰਤ ਕਰ ਰਿਹਾ ਹੈ ਕਿਉ? ਸੜਕ ਦੇ ਬੱਚੇ ਵੀ ਵਿਕਸਤ ਹੋਣ ਦੇ ਸਮ੍ਹੇਂ ਸਾਡੇ ਸਮਾਜ ਦੀ ਹੀ ਪੈਦਾਇਸ਼ ਸੀ ਪਰ ਉਸ ਤੋਂ ਬਾਅਦ ਕੀ ਹੋ ਗਿਆ ਕਿ ਉਹਨਾਂ ਨੂੰ ਆਪਣੇ ਹੀ ਘਰ ਵਿਚ ਆਉਣ ਤੋਂ ਰੋਕਿਆ ਜਾ ਰਿਹਾ ਹੈ। ਉਹ ਕਿਹੜਾ ਸਮਾਜ ਹੈ, ਅਸਲ ਵਿਚ ਸਾਨੂੰ ਉਹਨਾਂ ਲੋਕਾਂ ਦੀ ਪਹਿਛਾਣ ਕਰਨੀ ਚਾਹੀਦੀ ਹੈ।

'ਸੜਕ ਦੇ ਬੱਚੇ',ਜਿਹਨਾਂ ਨੂੰ ਸੜਕ ਪੈਦਾ ਨਹੀ ਕਰਦੀ, ਪਰ ਫਿਰ ਵੀ ਉਹ 'ਸੜਕ ਦੇ ਬੱਚੇ' ਕਿਉ ਕਹਿਲਾਉਦੇ ਹਨ? ਕਿਉਕਿ ਸੜਕਾਂ ਦਾ ਜਾਲ ਹੀ ਇਹਨਾਂ ਬੱਚਿਆਂ ਦੀ ਘਰ ਦੀ ਤਰਾਂ ਪਰਵਰਿਸ਼ ਕਰਦਾ ਹੈ। ਤੜਕੇ ਦੀ ਸਵੇਰ ਤੋਂ ਲੈ ਕੇ ਘੁਪ ਹਨੇਰੇ ਦੀ ਰਾਤ ਤੱਕ ਇਹ ਬੱਚੇ ਸੜਕਾਂ ਤੇ ਹੀ ਖਿਲਰੇ ਫਿਰਦੇ ਰਹਿੰਦੇ ਹਨ। ਇਹ ਬੱਚੇ ਲੋਕਾਂ ਦੀਆਂ ਜਿੰਦਗੀਆਂ ਨਾਲ ਇਸ ਤਰਾਂ ਜੁੜੇ ਹੋਏ ਹਨ ਜਿਵੇਂ ਦੀਵਾਰ ਵਿਚ ਇੱਟਾਂ ਨਾਲ ਗ੍ਹਾਰਾ ਹੋਵੇ। ਹਰ ਰੋਜ਼ ਹਰ ਜਗ੍ਹਾ ਇਹ ਬੱਚੇ ਸਾਨੂੰ ਕਿਤੇ ਨਾ ਕਿਤੇ ਕੁਝ ਨਾ ਕੁਝ ਕਰਦੇ ਮਿਲ ਹੀ ਜਾਂਦੇ ਹਨ। ਸਵੇਰੇ ਦਫਤਰ ਦੇ ਲਈ ਆਪਣੇ ਘਰ ਤੋਂ ਨਿਕਲੋਗੇ ਤਾਂ ਕੋਈ ਚਮਚਮਾਉਦੀ ਕਾਰ ਦੇ ਉਤੇ ਤੁਹਾਨੂੰ ਕੱਪੜਾ ਮਾਰਦਾ ਦਿਖਾਈ ਦੇਵੇਗਾ ਜਾਂ ਕੋਈ ਅਖਬਾਰ ਦੇ ਬੰਡਲ ਚੁਕੀ ਖੜਾ ਮਿਲ ਜਾਵੇਗਾ ਜਾਂ ਗੱਡੀਆਂ ਦੇ ਪਿਛੇ ਨੱਠਦੇ ਹੋਏ ਪੈਸੇ ਦੀ ਮੰਗ ਕਰਦੇ ਮਿਲ ਜਾਵੇਗਾ। ਸਫਰ ਤੇ ਨਿਕਲੋਗੇ ਤਾਂ ਤੁਹਾਨੂੰ ਬੱਸਾਂ ਜਾਂ ਰੇਲ ਗੱਡੀਆਂ ਵਿਚ ਹਰਮੋਨੀਅਮ ਦੀ ਟੁਟੀ ਫੁਟੀ ਤਰਜ਼ ਤੇ ਫਿਲਮੀ ਟੁਟੇ ਫੁਟੇ ਗਾਣੇ ਗਾਉਦਾ ਮਿਲ ਜਾਵੇਗਾ, ਕੋਈ ਦੋ ਉਗਲੀਆਂ ਦੇ ਵਿਚ ਦੋ ਠੀਕਰੀਆਂ ਨੂੰ ਰੱਖ ਕੇ ਵਜਾਉਦਾ ਮਿਲ ਜਾਵੇਗਾ। ਰੇਲ ਗੱਡੀ ਵਿਚ ਅਸੀ ਅਕਸਰ ਝਾੜੂ ਲਾਉਦੇ ਬੱਚੇ ਨੂੰ ਲੱਗਭੱਗ ਸਾਰੇ ਟੋਕਾ ਟਾਕੀ ਕਰਦੇ ਹਾਂ ਪਰ ਫਿਰ ਉਸ ਨੂੰ ਆਪਾ ਬੜੀ ਇਜਤ ਨਾਲ ਕਹਿ ਰਹੇ ਹੁੰਦੇ ਹਾਂ ਕਿ ਕੂੜਾ ਇਧਰ ਰਹਿ ਗਿਆ ਕੂੜਾ ਉਧਰ ਵੀ ਰਹਿ ਗਿਆ ਇਧਰ ਵੀ ਚੰਗੀ ਤਰਾਂ ਸਾਫ ਕਰ ਦੇ ਅਤੇ ਔਧਰ ਵੀ ਚੰਗੀ ਤਰਾਂ ਸਾਫ ਕਰ ਦੇ। ਪਰ ਸਫਾਈ ਕਰਵਾ ਕੇ ਅਸੀ ਉਹਨਾਂ ਬੱਚਿਆਂ ਨੂੰ ਇਕ ਦੋ ਰੁਪਏ ਦੇਣ ਦੇ ਸਮ੍ਹੇਂ ਅਸੀ ਉਹਨਾਂ ਨੂੰ ਨਾਲੀ ਦੇ ਕੀੜਿਆ ਦੀ ਤਰਾਂ ਦੇਖ ਕੇ ਨਫਰਤ ਕਰਦੇ ਹਾਂ। ਗਲੇ ਵਿਚ ਲਟਕਾਈ ਛੋਟੀ ਜਿਹੀ ਢੋਲਕੀ ਨੂੰ ਵਜਾਉਦੇ ਭਰਾ ਅਤੇ ਉਸ ਦੀ ਤਾਲ ਤੇ ਲੋਹੇ ਦੇ ਛੋਟੇ ਜਿਹੇ ਗੋਲੇ ਦੇ ਵਿਚ ਦੀ ਆਪਣੇ ਸਰੀਰ ਨੂੰ ਨਿਕਾਲਦੇ ਹੋਏ ਉਸ ਦੀ ਛੋਟੀ ਭੈਣ ਕਿਤੇ ਵੀ ਤੁਸੀ ਦੇਖ ਸਕਦੇ ਹੋ। ਸਾਰਾ ਦਿਨ ਕੰਮ ਕਰਕੇ ਸਰੀਰ ਵਿਚ ਕੁਝ ਨਹੀ ਰਹਿ ਜਾਂਦਾ? ਜੈਪੁਰ ਵਿਚ 'ਸਹਿਤ ਕਲਾ ਮੰਚ'ਨਾਮ ਦੀ ਇਕ ਸੰਸਥਾ ਲਾਵਾਰਿਸ ਬੱਚਿਆ ਨੂੰ ਸੰਭਾਲਣ ਦਾ ਕੰਮ ਕਰਦੀ ਹੈ। ਉਥੇ ਜਾ ਕੇ ਕੁਝ ਰਿਪੋਰਟਰਾਂ ਨੇ ਉਹਨਾਂ ਬੱਚਿਆਂ ਨਾਲ ਗੱਲਬਾਤ ਕੀਤੀ, ਮੋਹਨ ਨਾਮ ਦੇ ਲੜਕੇ ਨੇ ਕਿਹਾ ਕਿ ਘਰ ਛੱਡਣ ਤੋਂ ਬਾਅਦ ਮੈਂ ਆਪਣਾ ਸਾਰਾ ਬਚਪਨ ਘਰ ਤੋਂ ਬਾਹਰ ਕੰਮ ਤੇ ਹੀ ਗਵਾਇਆ ਹੈ, ਚੂਰੂ ਨੇ ਆਪਣੇ ਮਾਂ ਬਾਪ ਦੀ ਰੋਜ ਦੀ ਕੁਟਮਾਰ ਤੋਂ ਤੰਗ ਆ ਕੇ ਆਪਣਾ ਘਰ ਛੱਡਿਆ ਹੈ। ਉਹਨਾਂ ਸਾਰਿਆਂ ਬੱਚਿਆਂ ਨੂੰ ਪੁੱਛਿਆ ਗਿਆ ਕਿ ਤੁਹਾਨੂੰ ਆਪਣੇ ਘਰ ਦੀ ਯਾਦ ਨਹੀ ਆਉਦੀ ਜੇਕਰ ਆਉਦੀ ਹੈ ਤਾਂ ਕਦੋਂ ਆਉਦੀ ਹੈ?ਸਾਰਿਆਂ ਦੇ ਅਲੱਗ ਅਲੱਗ ਬਿਆਨ ਸਨ ਕੋਈ ਕਹਿੰਦਾ ਕਿ ਜਦੋ ਪੁਲਿਸ ਡੰਡੇ ਮਾਰਦੀ ਹੈ ਤਾਂ ਘਰ ਦੀ ਬਹੁਤ ਯਾਦ ਆਉਦੀ ਹੈ,ਇਕ ਦਾ ਬਿਆਨ ਸੀ ਜਦੋ ਭੁਖ ਲੱਗਦੀ ਹੈ ਤਾਂ ਆਪਣਾ ਘਰ ਯਾਦ ਆਉਦਾ ਹੈ, ਇਕ ਦੋ ਦਾ ਕਹਿਣਾ ਸੀ ਕਿ ਜਦੋ ਤਿਉਹਾਰ ਆਉਦੇ ਹਨ ਤਾਂ ਘਰ ਦੀ ਬਹੁਤ ਯਾਦ ਆਉਦੀ ਹੈ। ਇਕ ਹੋਰ ਨੂੰ ਪੁੱਛਿਆ ਤਾਂ ਉਸ ਨੇ ਖੁਸ਼ੀ ਭਰੇ ਲਹਿਜੇ ਵਿਚ ਕਿਹਾ ਕਿ ਮੈਂ ਤਾਂ ਘਰ ਛੱਡ ਕੇ ਬਹੁਤ ਖੁਸ਼ ਹਾਂ। ਇਕ ਪਾਸੇ ਕੰਧ ਨਾਲ ਢੋਹ ਲਾਈ ਬੈਠੀ ਸੱਲੋ ਤੋਂ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਮੇਰਾ ਸਾਰਾ ਬਚਪਨ ਇਸ ਸ਼ਹਿਰ ਵਿਚ ਕਚਰਾ ਇਕੱਠਾ ਕਰਦਿਆ ਹੀ ਲੰਘ ਗਿਆ ਹੈ, ਅਸੀ ਛੇ ਭੈਣਾਂ ਹਾਂ ਜਿਹਨਾਂ ਵਿਚੋ ਤਿੰਨ ਤਾਂ ਸ਼ਹਿਰ ਵਿਚ ਕਚਰਾ ਹੀ ਇਕੱਠਾ ਕਰਨ ਤੇ ਲੱਗੀਆਂ ਹੋਈਆ ਹਨ, ਮੈਂ ਵੀ ਜਦੋ ਪੰਜ ਛੇ ਸਾਲ ਦੀ ਸੀ ਤਾਂ ਮੈਨੂੰ ਵੀ ਮੇਰੀ ਮਾਂ ਨੇ ਕਚਰਾ ਚੁੰਘਣ ਲਈ ਭੇਜਣਾ ਸ਼ੁਰੂ ਕਰ ਦਿਤਾ, ਸ਼ੁਰੂ ਸ਼ੁਰੂ ਵਿਚ ਤਾਂ ਕਚਰਾ ਚੁੰਘਣ ਤੇ ਮੈਨੂੰ ਸ਼ਰਮ ਅਤੇ ਨਫਰਤ ਆਉਣ ਲੱਗੀ,ਪਰ ਮਾਂ ਦੀ ਮਾਰ ਤੋਂ ਡਰਦੀ ਮੈਂ ਕਚਰਾ ਇਕੱਠਾ ਕਰਨਾ ਛੱਡ ਵੀ ਨਹੀ ਸਕਦੀ ਸੀ। ਰੋਜ਼ ਦੇ ਪੰਜਾਹ ਸੱਠ ਰੁਪਏ ਜਿਉਂ ਬਣਦੇ ਸਨ, ਮੈਂ ਤਾਂ ਪੜਨਾ ਚਾਹੁੰਦੀ ਸੀ ਪਰ ਪੜ੍ਹਾਈ ਦੋ ਸਮ੍ਹੇਂ ਦਾ ਖਾਣਾ ਤਾਂ ਨਹੀ ਦੇ ਸਕਦੀ। ਇਹਨਾਂ ਸਾਰਿਆਂ ਦੀਆਂ ਗੱਲਾਂ ਸੁਣ ਕੇ ਇਝ ਮਹਿਸੂਸ ਹੁੰਦਾ ਹੈ ਕਿ ਦੁਨੀਆਂ ਵਿਚ ਬਹੁਤ ਸਾਰੇ ਬੱਚੇ ਇਸ ਤਰਾਂ ਦੇ ਹੋਣਗੇ ਜਿਹੜੇ ਕਿ ਆਪਣਾਂ ਸਮੁਚਾ ਜੀਵਨ ਸੜਕਾਂ ਤੋਂ ਹੀ ਸ਼ੁਰੂ ਕਰ ਕੇ ਸੜਕਾਂ ਤੇ ਹੀ ਖਤਮ ਕਰ ਦਿੰਦੇ ਹੋਣਗੇ। ਕੋਈ ਨਹੀ ਜਾਣਦਾ ਕਿ ਇਹ ਸਾਡੇ ਸਮੁੱਚੇ ਦੇਸ਼ ਦੇ ਬੱਚੇ ਕਦੋਂ 'ਸੜਕਾਂ ਦੇ ਬੱਚੇ' ਬਣ ਜਾਂਦੇ ਹਨ।

ਇਕ ਅਨੁਮਾਨ ਦੇ ਮੁਤਾਬਿਕ ਸਾਡੇ ਦੇਸ਼ ਵਿਚ ਘੱਟੋ ਘੱਟ ਚਾਰ ਲੱਖ ਬੱਚੇ ਬੇਘਰ ਲਾਵਾਰਸ ਹਨ। ਇਹਨਾਂ ਵਿਚੋ ਜਿਆਦਾਤਰ ਬੱਚੇ ਸੜਕਾਂ ਦੇ ਕੰਢਿਆ ਤੇ, ਝੁਗੀ ਝੋਪੜੀ ਵਿਚ ਜਾਂ ਰੇਲਵੇ ਸ਼ਟੇਸ਼ਨਾਂ ਦੇ ਪਲੇਟਫਾਰਮਾ ਤੇ ਰਹਿ ਕੇ ਗੁਜਾਰਾ ਕਰਦੇ ਹਨ। 'ਸੇਵ ਦਾ ਚਿੰਲਡਰਨ' ਸੰਸਥਾਂ ਦੇ ਅੰਕੜਿਆਂ ਦੇ ਮੁਤਾਬਿਕ ਸਿਰਫ ਰਾਜਧਾਨੀ ਵਿਚ ਹੀ ਇਕੱਵਜ਼ਾਂ ਹਜਾਰ ਲਾਵਾਰਿਸ ਬੇਘਰ ਬੱਚੇ ਰਹਿੰਦੇ ਹਨ, ਜਿਹਨਾਂ ਵਿਚ ਔਸਤਨ 20 ਫੀਸਦੀ ਲੜਕੀਆਂ ਵੀ ਹਨ। ਅੱਜ ਦੇ ਸਮ੍ਹੇ ਵਿਚ ਲੜਕੀਆ ਆਪਣੇ ਆਪ ਨੂੰ ਬਚਾ ਨਹੀ ਕਰ ਪਾਉਦੀਆਂ ਤਾਂ ਸੜਕ ਦੇ ਕੰਢਿਆ ਤੇ ਰਹਿ ਕੇ ਇਹ ਲਾਵਾਰਸ ਬੱਚੀਆਂ ਆਪਣੇ ਆਪ ਨੂੰ ਕਿਵੇਂ ਵਹਿਸ਼ੀ ਦਰਿੰਦਿਆਂ ਤੋਂ ਬਚਦੀਆਂ ਹੋਣਗੀਆਂ। ਇਹਨਾਂ ਵਿਚੋ 50 ਫੀਸਦੀ ਬੱਚੇ ਕਦੀ ਨਾ ਕਦੀ ਯੌਨ ਸ਼ੋਸ਼ਣ ਹਿੰਸਾ ਦਾ ਸ਼ਿਕਾਰ ਹੋਏ ਹਨ। ਜਿਹੜੇ ਕਿ ਸਾਡੇ ਕ੍ਰਾਈਮ ਵਾਲਿਆਂ ਦੇ ਅੰਕੜਿਆ ਵਿਚ ਵੀ ਨਹੀ ਹੋਣਗੇ। ਇਹਨਾਂ ਬੱਚਿਆ ਨਾਲ ਅਤਿਆਚਾਰ ਬਲਾਤਕਾਰ ਜਿਹੇ ਹੋਰ ਵੀ ਬਹੁਤ ਸਾਰੇ ਘਣੌਣੇ ਅਪਰਾਧ ਹੁੰਦੇ ਹਨ, ਪਰ ਇਹਨਾਂ ਬੱਚਿਆਂ ਦੀਆਂ ਚੀਕਾਂ, ਇਹਨਾਂ ਬੱਚਿਆਂ ਦੀਆਂ ਕਿਲਕਾਰੀਆਂ ਇਹਨਾਂ ਦੇ ਅੰਦਰੋ ਅੰਦਰ ਹੀ ਦਮ ਤੋੜ ਦਿੰਦੀਆਂ ਹਨ। ਚਾਰ ਪੰਜ ਸਾਲ ਤੋਂ ਲੈ ਕੇ ਸੋਹਲਾਂ ਸਤਾਰਾਂ ਸਾਲ ਦੀ ਉਮਰ ਤੱਕ ਬਹੁਤ ਸਾਰੇ ਇਹ ਬੱਚੇ ਉਮਰ ਤੋਂ ਪਹਿਲਾਂ ਹੀ ਬੁੱਢੇ ਹੋ ਜਾਂਦੇ ਹਨ। ਬਚਪਨ ਵਿਚ ਕੁਝ ਮਾਰ ਹੀ ਐਸੀ ਖਾ ਜਾਂਦੇ ਹਨ ਕਿ ਬਚਪਨ, ਜਵਾਨੀ ਜਿਊਣ ਤੋਂ ਪਹਿਲਾਂ ਹੀ ਇਹ ਬੱਚੇ ਬੁਢੇ ਦਿਖਾਈ ਦੇਣ ਲੱਗ ਪੈਦੇ ਹਨ।

ਜਿਆਦਾਤਰ ਲਾਵਾਰਸ ਬੱਚੇ ਕਚਰਾ ਇਕੱਠਾ ਕਰਨ ਤੇ ਹੀ ਲੱਗੇ ਹੋਏ ਹਨ, ਕੁਝ ਭੀਖ ਮੰਗਣ ਲੱਗੇ ਹੋਏ ਹਨ,ਕੁਝ ਢਾਬਿਆ ਤੇ ਭਾਂਡੇਂ ਮਾਜ਼ ਕੇ ਗੁਜਾਰਾ ਕਰ ਰਹੇ ਹਨ, ਕੁਝ ਸਬਜੀ ਦੀ ਰੇਹੜੀ ਫੜੀ ਤੇ ਕੰਮ ਕਰ ਰਹੇ ਹਨ, ਕੁਝ ਚੌਕਾਂ ਦੇ ਵਿਚ ਕਾਰਾਂ ਸਾਫ ਅਤੇ ਜਾਂ ਉਹਨਾਂ ਦੇ ਸ਼ੀਸ਼ੇ ਸਾਫ ਕਰਨ ਦਾ ਕੰਮ ਕਰ ਕੇ ਦੋ ਚਾਰ ਰੁਪਏ ਮੰਗ ਕੇ ਗੁਜਾਰਾ ਕਰ ਰਹੇ ਹਨ,ਕੁਝ ਮਾੜੀ ਮੋਟੀ ਜੇਬ ਕੱਟਣ ਜਾਂ ਛੋਟੀ ਮੋਟੀ ਹੇਰਾ ਫੇਰੀ ਕਰਨ ਦਾ ਕੰਮ ਕਰ ਰਹੇ ਹਨ,ਕੁਝ ਬੱਚੇ ਬੂਟ ਪਾਲਿਸ਼ ਅਤੇ ਕੁਝ ਛੋਲੇ, ਸੰਤਰੇ, ਨਮਕੀਨ, ਖੀਰੇ, ਗੰਨੇ ਦਾ ਜੂਸ, ਮੂੰਗਫਲੀ ਵੇਚਣ ਦਾ ਧੰਦਾ ਕਰ ਕੇ ਆਪਣਾ ਗੁਜਾਰਾ ਕਰ ਰਹੇ ਹਨ, ਕੁਝ ਜਾਣੇ ਅਣਜਾਣੇ ਧੰਦੇ ਤੋਂ ਇਲਾਵਾ ਮਾਲ ਇਧਰ ਉਧਰ ਕਰਨ ਦਾ ਕੰਮ ਕਰ ਰਹੇ ਹਨ। ਕੁਝ ਸਿਗਰਟ, ਚਰਸ, ਸ਼ਰਾਬ, ਗਾਂਜ਼ਾ ਦੇ ਨਸ਼ੇ ਵਿਚ ਧੁੱਤ ਹੋ ਕੇ ਪੁਲਿਸ ਵਾਲਿਆ ਦੀ ਮਾਰ ਖਾ ਕੇ ਆਪਣਾ ਦਿਨ ਲਗਾ ਰਹੇ ਹਨ। ਰੋਜ਼ ਦੀ ਕਮਾਈ ਦੇ ਇਹਨਾਂ ਪੈਸਿਆਂ ਨੂੰ ਇਹ ਲੋਕ ਜਿਆਦਾਤਰ ਨਸ਼ੀਲੀਆ ਦਵਾਈਆਂ ਖਰੀਦਣ ਤੇ ਮਨੋਰੰਜਨ ਕਰਨ ਦੇ ਲਈ ਖਰਚ ਕਰਦੇ ਹਨ ਤੇ ਥੋੜਾ ਬਹੁਤਾ ਖਾਣ ਵਿਚ ਖਰਚ ਕਰ ਦਿੰਦੇ ਹਨ।ਖਾਣ ਦਾ ਇੰਤਜਾਮ ਗੁਰੂਦੁਵਾਰੇ, ਰੇਲਵੇ ਸ਼ਟੇਸ਼ਨ ਜਾਂ ਮੁਸਾਫਰਾਂ ਵਲੋ ਦਿਤੇ ਗਏ ਜਾਂ ਸੁਟੇ ਗਏ ਖਾਣਾ ਖਾਣ ਨਾਲ ਹੀ ਹੋ ਜਾਂਦਾ ਹੈ।

ਅਸਲ ਵਿਚ ਇਹਨਾਂ ਬੱਚਿਆ ਦਾ ਸਹੀ ਅੰਕੜਾ ਪਤਾ ਕਰਨਾ ਬਹੁਤ ਮੁਸ਼ਕਲ ਹੈ, ਕਿਉਕਿ ਇਹਨਾਂ ਦਾ ਕੋਈ ਵੀ ਸਹੀ ਟਿਕਾਣਾ ਨਹੀ ਹੁੰਦਾ, ਇਹ ਘੁਮੱਕੜ ਦੀ ਤਰਾਂ ਹੁੰਦੇ ਹਨ। ਇਹਨਾਂ ਨੂੰ ਕਿਸੇ ਇਕ ਪਰੀਭਾਸ਼ਾਂ ਨਾਲ ਬੰਨਿਆ ਨਹੀ ਜਾ ਸਕਦਾ ਕਿਉਕਿ ਜੋ ਅੱਜ 'ਸੜਕ ਦੇ ਬੱਚੇ'ਹਨ, ਉਹ ਅਗਲੇ ਦਿਨ ਜਾਂ ਕੁਝ ਸਮ੍ਹਾਂ ਬਾਅਦ ਉਸ ਸੜਕ ਤੋਂ ਹੀ ਹੱਟ ਜਾਦੇ ਹਨ।ਮਹਾਨਗਰਾਂ ਵਰਗੇ ਸ਼ਹਿਰਾਂ ਵਿਚ ਉਹਨਾਂ ਦੀ ਪਛਾਣ ਕਰਨੀ ਬਹੁਤ ਔਖੀ ਹੋ ਜਾਂਦੀ ਹੈ। ਲਾਵਾਰਸ ਬੱਚਿਆ ਦੀ ਜੇਕਰ ਗਿਣਤੀ ਕੀਤੀ ਜਾਵੇ ਤਾਂ ਸ਼ਇਦ ਬਹੁਤ ਮੁਸ਼ਕਲ ਹੈ,ਪਰ ਭਾਰਤ ਵਿਚ ਮਹਾਂਨਗਰ ਅਤੇ ਦੂਸਰੀ ਸ਼੍ਰੈਣੀ ਦੇ ਸ਼ਹਿਰਾਂ ਵਿਚ ਬੱਚੇ ਜਿਆਦਾ ਹਨ।

ਸੜਕ ਤੇ ਰਹਿਣ ਵਾਲੇ ਬੱਚਿਆ ਦੀ ਉਮਰ ਛੇ ਤੋਂ ਬਾਰਾਂ,ਸਤਾਰਾਂ ਸਾਲ ਤੱਕ ਹੈ।ਵੈਸੇ ਤਾਂ ਲੜਕੇ ਲੜਕੀਆਂ ਦੋਨੋ ਹੀ ਘਰ ਛੱਡਦੇ ਹਨ,ਪਰ ਸੜਕ ਤੇ ਰਹਿਣ ਵਾਲਿਆ ਦੇ ਅੰਕੜਿਆ ਵਲ ਦੇਖੀਏ ਤਾਂ ਲੜਕਿਆ ਦੀ ਗਿਣਤੀ ਜਿਆਦਾ ਹੈ। ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਕੁਝ ਗਿਰੋਹਾ ਵਲੋ ਲੜਕੀਆਂ ਨੂੰ ਸੜਕ ਤੋਂ ਹਟਾ ਕੇ ਉਹਨਾਂ ਦਾ ਜੀਵਨ ਹੋਰ ਨਰਕ ਬਣਾਉਣ ਦੇ ਲਈ ਖਾਸ ਦਲਾਲਾਂ ਦੇ ਰਾਹੀ ਧੰਦੇ ਵਿਚ ਧਕੇਲ ਦਿਤਾ ਜਾਂਦਾ ਹੈ। ਉਸ ਧੰਦੇ ਵਿਚੋ ਨਿਕਲਣਾ ਉਹਨਾਂ ਲੜਕੀਆਂ ਦੇ ਲਈ ਬਹੁਤ ਔਖਾ ਹੋ ਜਾਂਦਾ ਹੈ, ਇਕ ਨਾਲੀ ਦੇ ਕੀੜੇ ਦੀ ਤਰਾਂ ਫਿਰ ਉਹ ਆਪਣਾ ਜੀਵਨ ਬਤੀਤ ਕਰਨ ਦੇ ਲਈ ਮਜ਼ਬੂਰ ਹੋ ਜਾਂਦੀਆ ਹਨ। ਕਈ ਬੱਚੇ ਇਸ ਤਰਾਂ ਦੇ ਵੀ ਹਨ ਜੋ ਕਿ ਆਪਣੇ ਮਾਂ ਬਾਪ ਦੀ ਕੁੱਟ ਤੋਂ ਤੰਗ ਹੋ ਕੇ ਜਾਂ ਸਾਕ ਸਬੰਧੀਆਂ ਦੇ ਤਾਹਨੇ ਮਿਹਣਿਆ ਤੋਂ ਤੰਗ ਆ ਕੇ ਆਪਣਾ ਘਰ ਛੱਡ ਦਿੰਦੇ ਹਨ।ਇਹਨਾਂ ਬੱਚਿਆਂ ਦੇ ਘਰ ਛੱਡਣ ਦੇ ਲਈ ਕਈ ਕਾਰਨ ਹਨ ਜਿਵੇਂ ਬਹੁਤ ਜਿਆਦਾ ਗਰੀਬੀ, ਪਿਤਾ ਦਾ ਸ਼ਰਾਬੀ ਹੋਣਾ, ਪੜ੍ਹਾਈ ਵਿਚ ਮਨ ਨਾ ਲੱਗਣਾ, ਕੰਮ ਦਾ ਜਿਆਦਾ ਬੋਝ ਆਦਿ ਸ਼ਾਮਿਲ ਹਨ। ਬੜਾ ਪਰਿਵਾਰ ਅਤੇ ਸੀਮਿਤ ਪਰੀਵਾਰ ਹੋਣ ਦੇ ਨਾਲ ਅਕਸਰ ਬੱਚੇ ਨੂੰ ਬਚਪਨ ਵਿਚ ਹੀ ਕਮਾਈ ਵਿਚ ਲਗਾਤਾਰ ਪਰੀਵਾਰ ਦੀ ਆਮਦਨੀ ਵਧਾਉਣੀ ਪੈਂਦੀ ਹੈ। ਗਰੀਬੀ ਅਕਸਰ ਬੱਚਿਆ ਨੂੰ ਬਚਪਨ ਵਿਚ ਹੀ 'ਕਮਾਊ ਪੁਤਰ' ਵਿਚ ਬਦਲ ਦਿੰਦੀ ਹੈ। ਏਨੀ ਛੋਟੀ ਉਮਰ ਵਿਚ ਬੱਚਿਆ ਕੋਲੋ ਕੰਮ ਦਾ ਬੋਝ ਅਤੇ ਘਰ ਦੀ ਜਿੰਮੇਵਾਰੀ ਨਹੀ ਸੰਭਾਲ ਹੁੰਦੀ, ਇਸ ਸਥਿਤੀ ਵਿਚ ਉਹਨਾਂ ਕੋਲ ਇਕ ਹੀ ਬਦਲ ਹੁੰਦਾ ਹੈ ਉਹ ਹੈ ਆਪਣਾ ਘਰ ਛੱਡਣਾ।

ਸੜਕ ਦੇ ਬੱਚਿਆ ਦੇ ਨਾਲ ਲੰਬੇ ਸਮੇਂ ਤੋ ਕੰਮ ਕਰਨ ਵਾਲੀ ਸੰਸਥਾ 'ਜਨ ਕਲਾ ਸਹਿਤਿਅ ਮੰਚ'ਦੇ ਪ੍ਰਧਾਨ ਦਾ ਕਹਿਣਾ ਹੈ ਕਿ ਬੱਚਿਆ ਦੇ ਘਰ ਛੱਡਣ ਦਾ ਕਾਰਨ ਇਕੱਲਾ ਉਹਨਾਂ ਦੇ ਮਾਂ ਬਾਪ ਜਾਂ ਉਹਨਾਂ ਦਾ ਵਿਵਹਾਰ ਨਹੀ ਹੈ ਬਲਕਿ ਸਾਡੇ ਦੇਸ਼ ਦਾ ਸਮਾਜ ਅਤੇ ਸਾਡੇ ਦੇਸ਼ ਵਿਚ ਤੇਜੀ ਨਾਲ ਵੱਧ ਰਿਹਾ ਵਿਸ਼ਵੀਕਰਨ ਵੀ ਕਿਤੇ ਨਾ ਕਿਤੇ ਜਿੰਮੇਵਾਰ ਹੈ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਕੁਝ ਲੋਕ ਜਾਂ ਸੰਸਥਾਵਾਂ ਮਿਲ ਕੇ ਇਸ ਕੰਮ ਨੂੰ ਨੇਪਰੇ ਚਾੜਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਇਹ ਕੰਮ ਇਕੱਲੀਆਂ ਸ਼ੰਸਥਾ ਨਹੀ ਕਰ ਸਕਦੀਆਂ, ਅਸੀ ਆਪਣੀ ਆਪਣੀ ਜਿੰਮੇਵਾਰੀ ਸਮਝੀਏ ਤਾਂ ਹੀ ਕਿਤੇ ਜਾ ਕੇ ਇਸ ਮੁਸ਼ਕਲ ਦਾ ਹੱਲ ਨਿਕਲ ਸਕਦਾ ਹੈ। ਆਪੋ ਆਪਣੇ ਘਰ ਛੱਡ ਕੇ ਸੜਕ ਤੇ ਆਏ ਬੱਚਿਆ ਨੂੰ ਸੰਸਥਾਂ ਵਿਚ ਰੱਖਣਾ ਕੋਈ ਹੱਲ ਨਹੀ ਹੈ। ਸਾਡੇ ਦੇਸ਼ ਦੇ ਬੱਚੇ 'ਸੜਕ ਤੇ ਬੱਚੇ' ਬਣਨ ਹੀ ਕਿਉਂ, ਇਸ ਦੇ ਲਈ ਸਰਕਾਰ, ਮਾਂ ਬਾਪ ਅਤੇ ਸਾਨੂੰ ਸਾਰਿਆਂ ਨੂੰ ਇਕੱਠਿਆ ਹੋ ਕੇ ਹਮਲਾ ਮਾਰਨਾ ਪਵੇਗਾ।

ਇਹ ਬੱਚੇ ਹਰ ਪਹਿਰ, ਹਰ ਜਗ੍ਹਾ, ਕਿਸੇ ਨਾ ਕਿਸੇ ਰੂਪ ਵਿਚ ਕੱਠਪੁਤਲੀਆਂ ਦੀ ਤਰਾਂ ਸਾਡੇ ਸਾਹਮਣੇ ਨੱਚਦੇ ਫਿਰਦੇ ਕਿਤੇ ਨਾ ਕਿਤੇ ਮਿਲਦੇ ਰਹਿੰਦੇ ਹਨ, ਚੌਵੀ ਘੰਟੇ ਸਾਡੀਆਂ ਅੱਖਾਂ ਦੇ ਸਾਹਮਣੇ ਰਹਿ ਕੇ ਸਾਡੀ ਚਿੰਤਾ,ਦਰਦ,ਪਿਆਰ ਦਾ ਪਾਤਰ ਨਹੀ ਬਣ ਪਾਉਦੇ, ਗੋਦੀ ਵਿਚ ਚੌਕਲੇਟ ਫੜਾ ਜਾਂ ਆਈਸ ਕਰੀਮ ਫੜਾ ਕੇ,ਫਟੇ ਪੁਰਾਣੇ ਕਪੜਿਆ ਦੇ ਵਿਚ ਅਤੇ ਮੁਰਝਾਏ ਹੋਏ ਚਿਹਰਿਆਂ ਦੇ ਵਿਚ ਬੈਠੇ ਬੱਚਿਆ ਦੇ ਸਾਹਮਣੇ, ਕਰਤਬ ਦਿਖਾ ਰਹੇ ਕਿੰਨੇ ਬੱਚਿਆ ਨਾਲ ਅਸੀ ਕਿੰਨਾ ਭੇਦ ਭਾਵ ਕਰਦੇ ਹਾਂ? ਅੱਜ ਦਾ ਸਮਾਜ ਬੱਚਿਆਂ ਬੱਚਿਆਂ ਵਿਚ ਹੀ ਕਿੰਨਾਂ ਫਰਕ ਕਰ ਰਿਹਾ ਹੈ?ਸਿਰਫ ਇਸ ਕਰਕੇ ਕਿ ਇਹ ਬੱਚੇ ਅੱਛਾ ਖਾਣਾ ਮੰਗਦੇ ਹਨ ਚੰਗਾ ਕਪੜਾ ਪਹਿਨਦੇ ਹਨ, ਵਿਕਾਸ ਦੇ ਲਈ ਦੇਖੀਏ ਤਾਂ ਆਪਾ ਨੂੰ ਸੋਚਣਾ ਚਾਹੀਦਾ ਹੈ ਕਿ ਅੱਜ ਦੇ ਸਮ੍ਹੇ ਵਿਚ ਕੋਈ ਸਾਡਾ ਬੱਚਾ ਲਾਵਾਰਿਸ ਨਾ ਹੋਵੇ, ਕਿਉਕਿ ਲਾਵਾਰਿਸ ਬੱਚੇ ਦੀ ਜਿੰਦਗੀ ਸਾਡੇ ਨਾਲੋ ਬਹੁਤ ਥੱਲੇ ਦੇ ਲੈਵਲ ਤੇ ਚਲੇ ਜਾਂਦੀ ਹੈ। ਘਰ-ਪਰੀਵਾਰ ਦੇ ਬੱਚੇ ਨੂੰ 'ਸੜਕ ਦਾ ਬੱਚਾ' ਬਣਨ ਤੋਂ ਰੋਕਣਾ ਕਿਸੇ ਮਾਂ ਬਾਪ ਜਾਂ ਸੰਸਥਾ ਦਾ ਕੰਮ ਨਹੀ ਹੈ ਬਲਕਿ ਸਾਡੇ ਦੇਸ਼ ਦੇ ਸਾਰੇ ਸਮਾਜ ਦੀ ਇਕ ਜਿਮੇਵਾਰੀ ਬਣ ਜਾਂਦੀ ਹੈ ਕਿ ਅਸੀ ਆਪਣੇ ਬੱਚਿਆਂ ਨੂੰ ਲਾਵਾਰਿਸ ਜਾਂ ਸੜਕ ਦੇ ਬੱਚੇ ਨਾ ਬਣਾਈਏ। ਸਾਡੀਆਂ ਸਾਰੀਆਂ ਸੰਸਥਾਵਾਂ ਨੂੰ, ਸਾਡੀਆਂ ਸਰਕਾਰਾਂ ਨੂੰ ਅਤੇ ਸਾਨੂੰ ਸਾਰਿਆ ਨੂੰ ਆਪ ਸੋਚਣਾ ਪਏਗਾ ਕਿ ਅਸੀ ਆਪਣੇ ਬੱਚਿਆ ਨੂੰ ਕਿਵੇਂ ਸਿਧੇ ਰਸਤੇ ਪਾ ਸਕਦੇ ਹਾਂ।

ਦੇਸ਼ ਦੁਆਬਾ

# ਪ੍ਰਧਾਨ ਮੰਤਰੀ ਦਾ ਸਕੂਲਾਂ ਵਿਦਿਆਰਥੀਆਂ ਲਈ ਭਾਸ਼ਣ

ਹਾਲ ਹੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਭਾਸ਼ਣ ਦੇਸ਼ ਭਰ ਦੇ ਸਾਰੇ ਸਕੂਲਾਂ ਵਿਚ ਪ੍ਰਸਾਰਿਤ ਕੀਤਾ ਗਿਆ। ਦੁਪਹਿਰ ਬਾਅਦ ਹੋਏ ਇਸ ਭਾਸ਼ਣ ਨੂੰ ਭਾਰਤ ਦੇ ਸਾਰੇ ਸਕੂਲਾਂ ਵਿਚ ਸੁਣਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਬੱਚੇ ਸਾਰਾ ਦਿਨ ਮੋਦੀ ਅੰਕਲ ਦਾ ਭਾਸ਼ਣ ਸੁਣਨ ਲਈ ਭੁੱਖੇ-ਭਾਣੇ ਉਡੀਕਦੇ ਰਹੇ। ਬਹੁਤ ਸਾਰੇ ਮਾਪਿਆਂ ਨੇ ਆਪਣੇ ਬੱਚੇ ਭਾਸ਼ਣ ਸੁਣਨ ਲਈ ਭੇਜੇ ਹੀ ਨਹੀਂ,ਲੱਗਦਾ ਹੈ ਉਹਨਾਂ ਨੂੰ ਇਸ ਭਾਸ਼ਣ ਦੀ ਕੋਈ ਲੋੜ ਮਹਿਸੂਸ ਨਹੀਂ ਹੋਈ। ਇਸ ਭਾਸ਼ਣ ਦੀ ਵੱਖ ਵੱਖ ਖੇਤਰਾਂ ਵਿਚ ਵੱਖਰੀ ਪ੍ਰਤੀਕਿਰਿਆ ਹੋਈ ਹੈ ਅਤੇ ਇਸ ਨੂੰ ਰਾਜਨੀਤਿਕ ਉਦੇਸ਼ ਲਈ ਦਿੱਤਾ ਗਿਆ ਭਾਸ਼ਣ ਵੀ ਕਰਾਰ ਦਿੱਤਾ ਗਿਆ ਹੈ। ਬੱਚੇ ਸਕੂਲਾਂ ਵਿਚ ਪੜ੍ਹਨ ਲਈ ਆਉਂਦੇ ਹਨ ਅਤੇ ਜੇਕਰ ਉਹਨਾਂ ਨੂੰ ਪੜ੍ਹਾਈ ਦੇ ਨਾਲ ਅਜਿਹੇ ਰਾਜਨੀਤਿਕ ਭਾਸ਼ਣ ਸੁਣਾਏ ਜਾਂਦੇ ਹਨ, ਤਾਂ ਇਹ ਉਹਨਾਂ ਦੇ ਹਿੱਤ ਵਿਚ ਘੱਟ, ਸਿਆਸਤਦਾਨਾਂ ਦੇ ਹਿੱਤ ਵਿਚ ਜ਼ਿਆਦਾ ਨਜ਼ਰ ਆਉਂਦਾ ਹੈ।

ਬੱਚਿਆਂ ਨੂੰ ਰਾਜਨੀਤੀ ਵਿਚ ਭਾਗ ਲੈਣਾ ਚਾਹੀਦਾ ਹੈ, ਅਜਿਹਾ ਸਵਾਲ ਆਜ਼ਾਦੀ ਤੋਂ ਬਾਅਦ ਇਕ ਵਾਰ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾ ਭੀਮਰਾਓ ਰਾਮਜੀ ਅੰਬੇਦਕਰ ਤੋਂ ਵਿਦਿਆਰਥੀਆਂ ਨੇਂ ਇਕ ਸਵਾਲ ਪੁੱਛਿਆ ਗਿਆ ਸੀ। ਉਹਨਾਂ ਨੇ ਉਦੋਂ ਜਵਾਬ ਦਿੱਤਾ ਸੀ ਕਿ ਬੱਚਿਆਂ ਨੂੰ ਸਿਰਫ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ। ਰਾਜਨੀਤੀ ਵਿਚ ਆਉਣਾ ਹੈ ਕਿ ਨਹੀਂ ਉਹ ਇਹ ਵੱਡੇ ਹੋ ਕੇ ਖੁਦ ਸੋਚ ਸਕਦੇ ਹਨ। ਅਫਸੋਸ ਕਿ ਡਾ. ਅੰਬੇਦਕਰ ਦੀਆਂ ਇਹਨਾਂ ਸਿੱਖਿਆਵਾਂ ਨੂੰ ਦਰਕਿਨਾਰ ਕਰਕੇ ਸਕੂਲਾਂ ਵਿਚ ਵੀ ਰਾਜਨੀਤੀ ਦੇ ਪਾਠ ਪੜ੍ਹਾਏ ਜਾ ਰਹੇ ਹਨ। ਸਕੂਲ ਸਿੱਖਿਆ ਦੇ ਮੰਦਰ ਹਨ ਅਤੇ ਸਕੂਲਾਂ ਵਿਚ ਜੇਕਰ ਸਿਆਸਤ ਵੜ ਗਈ ਤਾਂ ਬੱਚਿਆਂ ਦਾ ਭਵਿੱਖ ਖਰਾਬ ਹੀ ਕਰੇਗੀ, ਕਿਉ ਭਾਰਤੀ ਰਾਜਨੀਤੀ ਵਿਚ ਨੈਤਿਕਤਾ ਦੀ ਸ਼ੁਰੂ ਤੋਂ ਘਾਟ ਰਹੀ ਹੈ।

ਸਿੱਖਿਆ ਵਿਚ ਰਾਜਨੀਤੀ ਦੇ ਤਜਰਬੇ ਭਾਰਤ ਵਿਚ ਉਚੇਰੀ ਸਿੱਖਿਆ ਦੇ ਪੱਧਰ ਤੇ ਵੀ ਹੁੰਦੇ ਰਹੇ ਹਨ। ਬਹੁਤ ਸਾਰੇ ਵਿਦਿਆਰਥੀ ਸੰਗਠਨ ਸਿਆਸੀ ਪਾਰਟੀਆਂ ਦੀ ਖੁੱਲ੍ਹੀ ਹਮਾਇਤ ਕਰਦੇ ਹਨ ਅਤੇ ਰਾਜਨੀਤੀ ਦੇ ਇਸ ਪ੍ਰਵੇਸ਼ ਕਾਰਨ ਵਿਦਿਆਰਥੀ ਸਿੱਖਿਆ ਵੱਲ ਘੱਟ ਧਿਆਨ ਦਿੰਦੇ ਹਨ। ਪੰਜਾਬ ਵਿਚ ਵੀ ਕਈ ਸਿਆਸੀ ਪਾਰਟੀਆਂ ਨੇ ਆਪਣੇ ਵਿਦਿਆਰਥੀ ਵਿੰਗ ਬਣਾਏ ਹੋਏ ਹਨ। ਇਹ ਵਿੰਗ ਜ਼ਿਆਦਾਤਰ ਗੁੰਡਾਗਰਦੀ ਦੇ ਅੱਡੇ ਬਣਦੇ ਜਾ ਰਹੇ ਹਨ। ਸਿਆਸਤਦਾਨ ਵਿਦਿਆਰਥੀਆਂ ਦੀ ਵਰਤੋਂ ਆਪਣੇ ਸਿਆਸੀ ਮੰਤਵਾਂ ਅਤੇ ਹਿੱਤਾਂ ਦੇ ਲਈ ਕਰੇ ਹਨ, ਜਿਸ ਕਰਕੇ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਹੋ ਜਾਂਦਾ ਹੈ। ਇਸ ਕਰਕੇ ਅਜਿਹੇ ਭਾਸ਼ਣਾਂ ਤੋਂ ਸਕੂਲਾਂ ਨੂੰ ਬਚਾਅ ਕੇ ਰੱਖਣਾ ਬਹੁਤ ਜ਼ਰੂਰੀ ਹੈ। **-ਤਰਸੇਮ ਜਲੰਧਰੀ (ਸੰਪਾਦਕ)**

# ਓ.ਬੀ.ਸੀ.ਮੁੱਖ ਮੰਤਰੀ ਹੀ ਹੋ ਸਕਦਾ ਹੈ ਕਾਂਗਰਸ-ਐਨ ਸੀ ਪੀ ਦਾ ਤਾਰਨਹਾਰ



**ਸ਼ੂਵਣ ਦੇਵਰੇ**

ਸਭ ਤੋਂ ਮਹੱਤਵਪੂਰਨ ਸਵਾਲ ਹੈ: ਜੇਕਰ ਕੋਈ ਸਰਕਾਰ ਕਿਸੇ ਫਿਰਕੇ ਵਿਸ਼ੇਸ਼ ਨੂੰ ਲਾਭ ਦੇਣ ਦੇ ਲਈ ਕੋਈ ਨੀਤੀ ਲਾਗੂ ਕਰਦੀ ਹੈ ਤਾਂ ਕੀ ਉਸਨੂੰ ਸਬੰਧਿਤ ਫਿਰਕੇ ਦੇ ਸਾਰੇ ਮੈਂਬਰਾਂ ਦੀਆਂ ਵੋਟਾਂ ਮਿਲਣਗੀਆਂ ਅਤੇ ਕੀ ਇਹਨਾਂ ਵੋਟਾਂ ਦੇ ਸਹਾਰੇ ਉਹ ਮੁੜ ਚੁਣੇ ਜਾ ਸਕਣਗੇ? ਬਿਨਾਂ ਸ਼ੱਕ ਅਨੁਸੂਚਿਤ ਜਾਤੀਆਂ, ਜਨ ਜਾਤੀਆਂ ਅਤੇ ਓ. ਬੀ. ਸੀ. ਦੇ ਸੰਦਰਭ ਵਿਚ ਇਸ ਸਵਾਲ ਦਾ ਉਤਰ ਹਾਂ ਹੈ, ਪਰ ਹਾਲੀਆ ਲੋਕ ਸਭਾ ਚੋਣਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਖੱਤਰੀ ਜਾਤੀਆਂ ਦ ਮਾਮਲੇ ਵਿਚ ਅਜਿਹਾ ਨਹੀਂ ਹੋਵੇਗਾ। ਜਾਟਾਂ ਦੀ ਉਦਾਹਰਣ ਲਓ। ਲੋਕ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ, ਕੇਂਦਰ ਦੀ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਨੇ ਜਲਦਬਾਜ਼ੀ ਵਿਚ ਜਾਟਾਂ ਦੇ ਜ਼ਿਮੀਦਾਰ ਫਿਰਕੇ ਨੂੰ ਓ. ਬੀ. ਸੀ. ਦਾ ਦਰਜਾ ਦੇ ਦਿੱਤਾ। ਇਹ ਸਪਸ਼ਟ ਸੀ ਕਿ ਇਹ ਫੈਸਲਾ ਵੋਟਾਂ ਦੀ ਖਾਤਰ ਲਿਆ ਗਿਆ ਸੀ। ਰਾਜਸਥਾਨ, ਹਰਿਆਣਾ, ਪੰਜਾਬ ਅਤੇ ਉਤਰ ਪ੍ਰਦੇਸ਼ ਵਰਗੇ ਮਹੱਤਵਪੂਰਨ ਸੂਬਿਆਂ ਵਿਚ ਕਈ ਅਜਿਹੇ ਸੰਸਦੀ ਖੇਤਰ ਹਨ, ਜਿਹਨਾਂ ਨੂੰ ਜਾਟ ਵੋਟਾਂ ਦੇ ਸਹਾਰੇ ਜਿੱਤਿਆ ਜਾ ਸਕਦਾ ਹੈ। ਅੰਤ ਇਹ ਆਸ ਸੀ ਕਿ ਕਾਂਗਰਸ ਇਹਨਾਂ ਚਾਰੇ ਰਾਜਾਂ ਵਿਚ 50 ਤੋਂ ਜ਼ਿਆਦਾ ਸੀਟਾਂ ਜਿੱਤੇਗੀ। ਹੋ ਸਕਦਾ ਹੈ ਕਿ ਕਥਿਤ ਮੋਦੀ ਸੁਨਾਮੀ ਦੇ ਕਾਰਨ, ਇਹਨਾਂ ਸੀਟਾਂ ਦੀ ਗਿਣਤੀ ਵਿਚ ਕੁਝ ਕਮੀ ਆ ਜਾਂਦੀ, ਪਰ ਫਿਰ ਵੀ ਕਾਂਗਰਸ ਨੂੰ ਘੱਟ ਤੋਂ ਘੱਟ 30 ਸੀਟਾਂ ਤਾਂ ਜਿੱਤਣੀਆਂ ਹੀ ਸਨ। ਜਦੋਂ ਨਤੀਜੇ ਆਏ ਤਾਂ ਪਤਾ ਲੱਗਿਆ ਕਿ ਕਾਂਗਰਸ ਇਹਨਾਂ ਚਾਰ ਰਾਜਾਂ ਵਿਚੋਂ ਕੇਵਲ 5 ਸੀਟਾਂ ਜਿੱਤ ਸਕੀ ਹੈ ਅਤੇ ਰਾਜਸਥਾਨ ਵਿਚ ਤਾਂ ਉਸਨੂੰ ਇਕ ਵੀ ਸੀਟ ਨਹੀਂ ਮਿਲੀ। ਯੂ. ਪੀ. ਏ. ਦੇ ਜਾਟ ਲੀਡਰ ਅਜੀਤ ਸਿੰਘ ਮੂੰਹ ਦੇ ਭਾਰ ਡਿੱਗੇ।

### ਓ. ਬੀ. ਸੀ. ਰਿਜ਼ਰਵੇਸ਼ਨ ਬਚਾਓ

ਓ. ਬੀ. ਸੀ. ਰਿਜ਼ਰਵੇਸ਼ਨ ਬਚਾਓ ਕਮੇਟੀ, ਜਾਟਾਂ ਅਤੇ ਮਰਾਠਿਆਂ ਦੇ ਲਈ ਰਿਜ਼ਰਵੇਸ਼ਨ ਦੇ ਖ਼ਿਲਾਫ਼ ਨਹੀਂ ਹੈ। ਅਸੀਂ ਇਹ ਸਾਫ ਕਰ ਦਿੱਤਾ ਹੈ ਕਿ ਸਾਡਾ ਇਤਰਾਜ਼ ਰਿਜ਼ਰਵੇਸ਼ਨ ਦੇਣ ਦੀ ਪ੍ਰਕਿਰਿਆ ਨੂੰ ਲੈ ਕੇ ਹੈ। ਸਾਡੀ ਮੰਗ ਹੈ ਕਿ ਮਰਾਠਾ ਫਿਰਕੇ ਨੂੰ ਅਲੱਗ ਤੋਂ, ਆਬਾਦੀ ਵਿਚ ਉਸਦੇ ਅਨੁਪਾਤ ਦੇ ਮੁਤਾਬਕ ਰਿਜ਼ਰਵੇਸ਼ਨ ਦਿੱਤੀ ਜਾਵੇ। ਅਤੇ ਇਹ ਕਹਿਣਾ ਬਹੁਤ ਮੁਸ਼ਕਿਲ ਨਹੀਂ ਹੈ। ਪਿਛਲੇ ਛੇ ਸਾਲਾਂ ਤੋਂ ਓ. ਬੀ. ਸੀ. ਸੰਗਠਨਾਂ ਵੱਲੋਂ ਕਮੇਟੀ, ਮਰਾਠਾ ਲੀਡਰਾਂ ਨੂੰ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਹੱਲ ਸੁਝਾਉਂਦੀ ਆ ਰਹੀ ਹੈ। ਸੁਪਰੀਮ ਕੋਰਟ ਦੇ ਇਕ ਫੈਸਲੇ ਮੁਤਾਬਕ ਕੁੱਲ ਰਿਜ਼ਰਵੇਸ਼ਨ 50 ਪ੍ਰਤੀਸ਼ਤ ਤੋਂ ਜ਼ਿਆਦਾ ਨਹੀਂ ਹੋ ਸਕਦਾ। ਇਸ ਕਰਕੇ ਕੁਝ ਲੋਕਾਂ ਦਾ ਤਰਕ ਹੈ ਕਿ ਮਰਾਠਾ ਫਿਰਕੇ ਨੂੰ ਅਲੱਗ ਤੋਂ ਰਿਜ਼ਰਵੇਸ਼ਨ ਦੇਣਾ ਸੰਭਵ ਨਹੀਂ ਹੈ। ਇਸ ਸਮੱਸਿਆ ਦਾ ਹੱਲ ਇਹ ਹੈ ਕਿ ਰਿਜ਼ਰਵੇਸ਼ਨ ਤੇ ਲੱਗੀ 50 ਪ੍ਰਤੀਸ਼ਤ ਦੀ ਸੀਮਾ ਨੂੰ ਹਟਾਇਆ ਜਾਵੇ। ਆਗਾਮੀ ਵਿਧਾਨ ਸਭਾ ਸੈਸ਼ਨ ਵਿਚ ਮਹਾਰਾਸ਼ਟਰ ਸਰਕਾਰ ਇਸ ਸਬੰਧੀ ਬਿਲ ਪਾਸ ਕਰ ਸਕਦੀ ਹੈ ਅਤੇ 2005 ਦੀ ਨਾਚੀਯਾਪਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰ ਸਕਦੀ ਹੈ। 50 ਪ੍ਰਤੀਸ਼ਤ ਦੀ ਸੀਮਾ ਹਟਣ ਤੋਂ ਬਾਅਦ ਮਰਾਠਿਆਂ, ਜਾਟਾਂ, ਮੁਸਲਮਾਨਾਂ ਅਤੇ ਇਸਾਈਆਂ ਨੂੰ ਵਿਸ਼ੇਸ਼ ਪੱਛੜਿਆ ਵਰਗ ਦਾ ਦਰਜਾ ਦਿੱਤਾ ਜਾ ਸਕਦਾ ਹੈ।

ਇਹ ਕਰਨ ਤੋਂ ਬਾਅਦ ਕਾਂਗਰਸ-ਐਨ ਸੀ ਪੀ ਗੱਠਜੋੜ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਕਿਸੇ ਓ. ਬੀ. ਸੀ. ਨੇਤਾ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨ ਕਰਨਾ ਚਾਹੀਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਸ਼ਾਇਦ ਇਹ ਗੱਠਜੋੜ ਅਗਲੇ ਪੰਜ ਸਾਲਾਂ ਦੇ ਲਈ ਫਿਰ ਤੋਂ ਸੱਤਾ ਵਿਚ ਆ ਜਾਵੇਗਾ।

### ਕਾਂਗਰਸ-ਐਨ ਸੀ ਪੀ ਦੀ ਹਾਰ ਦਾ ਸੱਚ

ਮਹਾਂਰਾਸ਼ਟਰ ਦੇ ਕੁਝ ਓ ਬੀ ਸੀ ਸੰਗਠਨਾਂ ਅਤੇ ਬੁੱਧੀਜੀਵੀਆਂ ਨੇ ਓ ਬੀ ਸੀ ਰਿਜ਼ਰਵੇਸ਼ਨ ਬਚਾਓ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਨੇ ਮਰਾਠਾ ਅਤੇ ਓ ਬੀ ਸੀ ਰਿਜ਼ਰਵੇਸ਼ਨ ਦੇ ਮੁੱਦੇ ਦੇ ਉਚਿਤ ਹੱਲ ਦੀ ਮੰਗ ਨੂੰ ਲੈ ਕੇ 9 ਅਪ੍ਰੈਲ 2013 ਨੂੰ ਮੁੰਬਈ ਦੇ ਆਜ਼ਾਦ ਮੈਦਾਨ ਵਿਚ ਇਕ-ਦਿਨਾਂ ਧਰਨੇ ਦਾ ਆਯੋਜਨ ਕੀਤਾ। ਕਮੇਟੀ ਵੱਲੋਂ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਮਾਜ ਕਲਿਆਣ ਮੰਤਰੀ ਅਤੇ ਨਰਾਇਣ ਰਾਣੇ ਕਮੇਟੀ ਨੂੰ ਰਸਮੀ ਤੋਰ ਤੇ ਇਕ ਪੱਤਰ ਸੌਂਪਿਆ ਗਿਆ, ਜਿਸ ਵਿਚ ਇਸ ਸਮੱਸਿਆ ਦੇ ਹੱਲ ਸੁਝਾਏ ਗਏ ਸਨ। ਪਰ ਅੱਜ ਤੱਕ ਸਰਕਾਰ ਨੇ ਇਸ ਕਮੇਟੀ ਦੇ ਮੈਂਬਰਾਂ ਨੂੰ ਚਰਚਾ ਦੇ ਲਈ ਸੱਦਾ ਦੇਣਾ ਤੱਕ ਜ਼ਰੂਰੀ ਨਹੀਂ ਸਮਝਿਆ ਹੈ।

ਅਜਿਹਾ ਕਿਹਾ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਵਿਚ ਮਰਾਠਾ ਫਿਰਕੇ ਨੇ ਕਾਂਗਰਸ-ਐਨ ਸੀ ਪੀ ਗੱਠਜੋੜ ਨੂੰ ਵੋਟ ਨਹੀਂ ਦਿੱਤਾ। ਪਰ ਇਹ ਸਹੀ ਨਹੀਂ ਹੈ। ਮਹਾਰਾਸ਼ਟਰ ਵਿਚ 2009 ਦੀਆਂ ਲੋਕ ਸਭਾ ਚੋਣਾਂ ਵਿਚ ਤੁਲਨਾ ਵਿਚ, ਕਾਂਗਰਸ ਦੀਆਂ ਵੋਟਾਂ ਦੇ ਪ੍ਰਤੀਸ਼ਤ ਵਿਚ ਕੇਵਲ 1.51 ਦੀ ਕਮੀ ਆਈ ਅਤੇ ਐਨ ਸੀ ਪੀ ਨੂੰ ਪਿਛਲੀ ਵਾਰ ਦੀ ਤੁਲਨਾ ਵਿਚ ਕੇਵਲ 3.28 ਪ੍ਰਤੀਸ਼ਤ ਘੱਟ ਵੋਟਾਂ ਪ੍ਰਾਪਤ ਹੋਈਆਂ। ਜੇਕਰ ਮਰਾਠਾ ਫਿਰਕੇ ਨੇ ਗੱਠਜੋੜ ਦਾ ਸਾਥ ਨਾ ਦਿੱਤਾ ਹੁੰਦਾ ਤਾਂ ਉਸਨੂੰ ਇਸ ਤੋਂ ਬਹੁਤ ਘੱਟ ਵੋਟਾਂ ਮਿਲਦੀਆਂ ਕਿਉਂਕਿ ਖੁਦ ਮਰਾਠਾ ਸੰਗਠਨਾਂ ਦੇ ਮੁਤਾਬਕ ਮਰਾਠਾ (ਕੁਨਬੀ ਨੂੰ ਛੱਡ ਕੇ) ਕੁੱਲ ਵੋਟਾਂ ਦਾ 20 ਪ੍ਰਤੀਸ਼ਤ ਹੈ। ਨਰਾਇਣ ਰਾਣੇ ਕਮੇਟੀ ਦੇ ਮੁਤਾਬਕ ਇਹ ਅੰਕੜਾ 32 ਪ੍ਰਤੀਸ਼ਤ ਹੈ ਪਰ ਅਸਲ ਵਿਚ ਮਰਾਠਾ ਅਬਾਦੀ ਦਾ ਲੱਗਭੱਗ 12 ਪ੍ਰਤੀਸ਼ਤ ਹੋਣਗੇ।

ਲੋਕ ਸਭਾ ਚੋਣਾ ਤੋਂ ਪਹਿਲਾਂ ਸਾਰੇ ਪ੍ਰਮੁੱਖ ਮਰਾਠਾ ਸੰਗਠਨ ਇੱਕਜੁਟ ਹੋਏ ਅਤੇ ਉਹਨਾਂ ਦੇ ਲੀਡਰਾਂ ਨੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਇਹ ਭਰੋਸਾ ਦਿੱਤਾ ਕਿ ਚੋਣਾਂ ਵਿਚ ਮਰਾਠਾ ਫਿਰਕਾ, ਸੱਤਾਧਾਰੀ ਗੱਠਜੋੜ ਦਾ ਸਮਰਥਨ ਕਰਨਗੇ। ਇਹੀ ਨਹੀਂ, ਇਹਨਾਂ ਸੰਗਠਨਾਂ ਨੇ ਇਕ ਪ੍ਰੈਸ ਮੁਲਾਕਾਤ ਆਯੋਜਿਤ ਕਰਕੇ ਇਹ ਜਨਤਕ ਐਲਾਨ ਕਰ ਦਿੱਤਾ ਕਿ ਉਹ ਕਾਂਗਰਸ ਐਨ ਸੀ ਪੀ. ਗੱਠਜੋੜ ਦਾ ਸਾਥ ਦੇਣਗੇ। ਇਸ ਕਰਕੇ ਇਹ ਮੰਨਣਾ ਗਲਤ ਹੋਵੇਗਾ ਕਿ ਮਰਾਠਿਆਂ ਨੇ ਲੋਕ ਸਭਾ ਚੋਣਾਂ ਵਿਚ ਗੱਠਜੋੜ ਦਾ ਸਾਥ ਨਹੀਂ ਦਿੱਤਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਿਉਂਕਿ ਮਹਾਰਾਸ਼ਟਰ ਵਿਚ ਗੱਠਜੋੜ 15 ਸਾਲ ਤੋਂ ਲਗਾਤਾਰ ਸ਼ਾਸਨ ਵਿਚ ਹੈ, ਇਸ ਕਰਕੇ ਸਰਕਾਰ ਵਿਰੋਧੀ ਲਹਿਰ ਦੇ ਕਾਰਨ ਉਸਨੂੰ ਹਾਰ ਦਾ ਮੂੰਹ ਦੇਖਣਾ ਪਿਆ। ਸੱਚ ਇਹ ਹੈ ਕਿ ਇਸ ਕਾਰਕ ਨੇ ਚੋਣ ਨਤੀਜਿਆਂ ਤੇ ਬਹੁਤ ਘੱਟ ਪ੍ਰਭਾਵ ਪਾਇਆ।

ਗੱਠਜੋੜ ਦੀ ਹਾਰ ਦਾ ਸਭ ਤੋਂ ਮਹੱਤਵਪੂਰਨ ਕਾਰਨ ਸੀ ਜਾਟ ਅਤੇ ਮਰਾਠਾ ਰਿਜ਼ਰਵੇਸ਼ਨ ਦੇ ਮੁੱਦੇ ਤੇ ਲੋੜੀਂਦਾ ਹਮਲਾਵਰਪਣ, ਜਿਸ ਕਾਰਨ ਓ ਬੀ ਸੀ ਗੱਠਜੋੜ ਤੋਂ ਦੂਰ ਹੋ ਗਏ। ਭਾਜਪਾ ਨੂੰ ਓ ਬੀ ਸੀ ਵਿਚ ਪਾਏ ਜਾਂਦੇ ਰੋਸ ਦਾ ਅੰਦਾਜ਼ਾ ਸੀ ਅਤ ਇਸ ਕਰਕੇ ਉਸਨੇ ਸ਼ੁਰੂਆਤ ਤੋਂ ਹੀ ਮੋਦੀ ਦੇ ਓ ਬੀ ਸੀ ਹੋਣ ਦਾ ਪ੍ਰਚਾਰ ਕੀਤਾ। ਓ ਬੀ ਸੀ ਆਪਣੇ ਫਿਰਕੇ ਦੇ ਮੈਂਬਰ ਨੂੰ ਦੇਸ਼ ਦੇ ਸੁਪਰੀਮ ਅਹੁਦੇ ਤੇ ਦੇਖਣਾ ਚਾਹੁੰਦੇ ਸਨ ਅਤੇ ਇਸ ਕਰਕੇ ਉਹਨਾਂ ਨੇ ਭਾਵਨਾਵਾਂ ਵਿਚ ਵਹਿ ਕੇ ਭਾਜਪਾ ਨੂੰ ਵੋਟ ਦਿੱਤੇ।

### 2014 ਲੋਕ ਸਭਾ ਚੋਣਾਂ ਵਿਚ ਓ. ਬੀ. ਸੀ. ਨੇ ਕਾਂਗਰਸ-ਐਨ ਸੀ ਪੀ ਗੱਠਜੋੜ ਨੂੰ ਵੋਟ ਕਿਉਂ ਨਹੀਂ ਦਿੱਤਾ

ਕੇਂਦਰ ਦੀ ਯੂ. ਪੀ. ਏ. ਸਰਕਾਰ ਨੇ ਜਾਟਾਂ ਦੇ ਜ਼ਿੰਮੀਦਾਰ ਫਿਰਕੇ ਨੂੰ ਓ. ਬੀ. ਸੀ. ਦਾ ਦਰਜਾ ਦਿੱਤਾ।

ਉਹਨਾਂ ਨੂੰ ਡਰ ਸੀ ਕਿ ਮਰਾਠਿਆਂ ਨੂੰ ਵੀ ਓ. ਬੀ. ਸੀ. ਵਿਚ ਸ਼ਾਮਲ ਕਰ ਲਿਆ ਜਾਵੇਗਾ।

ਜੇਕਰ ਓ. ਬੀ. ਸੀ. ਨੂੰ ਤਰੱਕੀ ਵਿਚ ਰਿਜ਼ਰਵੇਸ਼ਨ ਦੇਣ ਦਾ ਪ੍ਰਸਤਾਵ ਵਿਧਾਨ ਸਭਾ ਨੇ 2005 ਵਿਚ ਪਾਰ ਕਰ ਦਿੱਤਾ ਸੀ, ਹਾਲਾਂਕਿ ਇਸ ਸਬੰਧ ਵਿਚ ਲੋੜੀਂਦੇ ਆਦੇਸ਼ ਅੱਜ ਤੱਕ ਜਾਰੀ ਨਹੀਂ ਕੀਤੇ ਗਏ ਹਨ। ਇਹ ਸਭ ਤੋ ਵੱਡਾ ਕਾਰਨ ਸੀ।

ਓ. ਬੀ. ਸੀ. ਵਿਦਿਆਰਥੀਆਂ ਨੂੰ ਫੀਸ ਮਿਲਣ ਵਾਲੀ 50 ਫੀਸਦੀ ਛੋਟ ਨੂੰ ਪਿਛਲੇ ਸਾਲ ਅਚਾਨਕ ਖਤਮ ਕਰ ਦਿੱਤਾ ਗਿਆ। ਇਸ ਕਾਰਨ ਕਈ ਮਾਪਿਆਂ ਨੂੰ ਫੀਸ ਦੇਣ ਦੇ ਲਈ ਕਰਜ਼ ਲੈਣ ਪਏ ਅਤੇ ਕਈ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵਿਚਕਾਰ ਹੀ ਛੱਡਣੀ ਪਈ।

6 ਆਦਿਵਾਸੀ ਬਹੁਗਿਣਤੀ ਜ਼ਿਲ੍ਹੇ ਘੁਲੇ, ਚੰਦਰਪੁਰ, ਗੜਚਿਰੌਲੀ, ਯਵਤਮਾਲ, ਨਾਸਿਕ ਅਤੇ ਠਾਣੇ ਵਿਚ ਓ. ਬੀ. ਸੀ. ਦੀ ਰਿਜ਼ਰਵੇਸ਼ਨ ਦਾ ਕੋਟਾ ਘੱਟ ਕਰਕੇ ਆਦਿਵਾਸੀਆਂ ਨੂੰ ਰਿਜ਼ਰਵੇਸ਼ਨ ਦੇ ਦਿੱਤੀ ਗਈ। ਓ. ਬੀ. ਸੀ. ਨੌਜਵਾਨਾਂ ਨੂੰ ਸਵੈ ਰੋਜ਼ਗਾਰ ਲਈ ਉਤਸ਼ਾਹਿਤ ਕਰਨ ਲਈ ਓ. ਬੀ. ਸੀ. ਨਿਗਮ ਦੀ ਸਥਾਪਨਾ ਕੀਤੀ ਗਈ ਪਰ ਪਿਛਲੇ ਚਾਰ ਸਾਲਾਂ ਤੋਂ ਇਹ ਨਿਗਮ ਕੋਈ ਕੰਮ ਨਹੀਂ ਕਰ ਰਿਹਾ ਹੈ।

ਤੀਜੇ ਲਿੰਗ ਦੇ ਮੈਂਬਰਾਂ ਨੂੰ ਓ. ਬੀ. ਸੀ. ਕੋਟ ਵਿਚ ਰਿਜ਼ਰਵੇਸ਼ਨ ਦੇਣਾ ਗੱਠਜੋੜ ਦੇ ਲਈ ਘਾਤਕ ਸਾਬਤ ਹੋਇਆ।

---------

# 5 ਸਤੰਬਰ ਨੂੰ ਅਧਿਆਪਕ ਦਿਵਸ ਤੇ ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਦਿੱਤੇ ਭਾਸ਼ਣ ਤੇ ਪ੍ਰਤੀਕਿਰਿਆ

ਸੰਵਿਧਾਨਕ ਪੱਖ ਨੂੰ ਜੇਕਰ ਦਰਕਿਨਾਰ ਕਰ ਦੇਈਏ ਤਾਂ ਪ੍ਰਧਾਨ ਮੰਤਰੀ ਦਾ ਅਹੁਦਾ ਸਾਡੇ ਦੇਸ਼ ਵਿਚ ਸਰਵ ਉੱਚ ਹੈ। ਇਸ ਆਹੁਦੇ ਤੇ ਬਿਰਾਜ਼ਮਾਨ ਵਿਅਕਤੀ ਕਿਸੇ ਵੀ ਦਿਨ ਤਿਉਹਾਰ ਤੇ ਆਪਣੇ ਰਾਸ਼ਟਰ ਨੂੰ ਸੰਬੋਧਿਤ ਕਰ ਸਕਦਾ ਹੈ। ਇਸੇ ਵਿਧਾ ਤਹਿਤ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅਧਿਆਪਕ ਦਿਵਸ ਤੇ ਭਾਰਤ ਦੇ ਨੰਨੇ ਮੁੰਨੇ ਬੱਚਿਆਂ ਨੂੰ ਸੰਬੋਧਿਤ ਕੀਤਾ। ਪਰ ਦੇਸ਼ ਭਰ ਵਿਚ ਬੱਚਿਆਂ ਨੂੰ ਸੰਬੋਧਿਤ ਕਰਨ ਦਾ ਇਹ ਮਾਮਲਾ ਵਿਵਾਦਾਂ ਵਿਚ ਘਿਰ ਗਿਆ। ਜਿਸ ਤਰ੍ਹਾਂ ਦੀ ਇਸ ਪ੍ਰੋਗ੍ਰਾਮ ਦੀ ਰੂਪ ਰੇਖਾ ਸੀ, ਇਸਦਾ ਵਿਵਾਦਾਂ ਵਿਚ ਘਿਰਨਾ ਵਾਜਬ ਸੀ।ਦੇਸ਼ ਦੇ 18 ਲੱਖ ਤੋਂ ਵੱਧ ਸਕੂਲਾਂ ਵਿਚ ਇਸ ਪ੍ਰੋਗ੍ਰਾਮ ਨੂੰ ਸੁਣਨ ਉੱਤੇ ਅਰਬਾਂ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਜੇਕਰ ਪ੍ਰੋਗ੍ਰਾਮ ਦੀ ਬੁੱਕਲ਼ ਵਿਚ ਛੁਪੇ ਰਾਜਨੀਤਕ ਉਦੇਸ਼ ਨੂੰ ਵੀ ਛੱਡ ਦੇਈਏ ਤਾਂ ਵੀ ਇਸਦੀ ਪੇਸ਼ਕਾਰੀ ਸਮੇਂ ਬੱਚਿਆਂ ਦੀ ਮਾਨਸਿਕਤਾ ਅਤੇ ਨਾਜ਼ੁਕਤਾ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ। ਇਸੇ ਕਰਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬਹੁਤੇ ਵਿਦਿਆਰਥੀ ਪ੍ਰੋਗ੍ਰਾਮ ਦੇਖਦੇ ਸੁੱਤੇ ਰਹੇ, ਕਈ ਮੀਂਹ ਵਿਚ ਤਰਪਾਲਾਂ ਥੱਲੇ ਖੜ੍ਹੇ ਉਂਘਲਾਂਦੇ ਰਹੇ। ਸਕੂਲਾਂ ਦਾ ਸਮਾਂ 8.00 ਵਜੇ ਸਵੇਰ ਤੋਂ 2.00 ਵਜੇ ਤੱਕ ਦਾ ਹੈ ਅਤੇ ਇਸ ਸਮੇਂ ਦੌਰਾਨ ਵਿਦਿਆਰਥੀਆਂ ਨੂੰ 40 ਮਿੰਟ ਦੇ ਹਿਸਾਬ ਨਾਲ ਵੱਖ ਵੱਖ ਪੀਰੀਅਡਾਂ ਵਿਚ ਸਿਖਿਆ ਦਿੱਤੀ ਜਾਂਦੀ ਹੈ ਜਦ ਕਿ ਪ੍ਰਧਾਨ ਮੰਤਰੀ ਦੇ ਭਾਸ਼ਣ ਕਰਨ ਦਾ ਸਮਾਂ 2.30 ਵਜੇ ਤੋਂ 4.45 ਤੱਕ ਦਾ ਸੀ। ਸਵਾ ਦੋ ਘੰਟੇ ਤੱਕ ਵਿਦਿਆਰਥੀਆਂ ਨੂੰ ਟਿਕ ਕੇ ਕਿਸੇ ਵੀ ਪ੍ਰਕਾਰ ਦਾ ਵਿਸ਼ਾ ਸੁਣਨ ਲਈ ਕਹਿਣਾ ਜਾਂ ਜਮਬੂਰ ਕਰਨਾ ਲਾਇਕੀ ਨਹੀਂ ਹੈ। ਪ੍ਰਾਇਮਰੀ ਵਾਲੇ ਵਿਦਿਆਰਥੀਆ ਨੂੰ ਤਾਂ ਇਸ ਪ੍ਰੋਗ੍ਰਾਮ ਦਾ ਇੱਕ ਨਵੇਂ ਪੈਸੇ ਦਾ ਵੀ ਗਿਆਨ ਨਹੀਂ ਸੀ, ਜਿਨਾਂ ਵਿਚਾਰਿਆਂ ਨੂੰ ਅਧਿਆਪਕਾਂ ਨੇ ਜਬਰਦਸਤੀ ਨੂੜ ਕੇ ਟੀ.ਵੀ. ਅੱਗੇ ਬਿਠਾਈ ਰੱਖਿਆ।

ਇਸ ਸਾਰੇ ਪ੍ਰੋਗ੍ਰਾਮ ਦਾ ਪ੍ਰਬੰਧ ਕਰਨ ਲਈ ਅਧਿਆਪਕ ਅਧਿਆਪਕ ਦਿਵਸ ਤੋਂ ਕਈ ਦਿਨ ਪਹਿਲਾਂ ਖੱਜਲ ਖੁਆਰ ਹੁੰਦੇ ਰਹੇ।ਜੇਕਰ ਅਸੀਂ ਪੰਜਾਬ ਵਰਗੇ ਸੂਬੇ ਦੀ ਹੀ ਗੱਲ ਕਰ ਲਈਏ ਜਿੱਥੇ ਸਰਕਾਰੀ ਸਕੂਲਾਂ ਦੀ ਅਸਲ ਸਥਿਤੀ ਹੇਠ ਲਿਖੇ



ਅਨੁਸਾਰ ਹੈ:

1. ਹਜਾਰਾਂ ਸਕੂਲਾਂ ਵਿਚ ਬਿਜਲੀ ਦੀ ਕੋਈ ਵਿਵਸਥਾ ਨਹੀਂ ਹੈ।
2. ਇਮਾਰਤਾਂ ਜਿਨ੍ਹਾਂ ਵਿਚ ਦੇਸ਼ ਦਾ ਭਵਿੱਖ ਬੈਠਦਾ ਹੈ ਖਸਤਾ ਹਾਲਤ ਵਿਚ ਹਨ।
3. ਪਾਣੀ ਦੇ ਨਮੂਨੇ ਚੈੱਕ ਕਰਨ ਉਪਰੰਤ ਫੇਲ੍ਹ ਪਾਏ ਗਏ ਹਨ।
4. 46 ਸਰਕਾਰੀ ਕਾਲਜਾਂ ਵਿਚੋਂ 24 ਕਾਲਜਾਂ ਵਿਚ ਪ੍ਰਿੰਸੀਪਲ ਨਹੀਂ ਹਨ।
5. ਪ੍ਰੋਫੈਸਰਾਂ ਦੀਆਂ 1873 ਅਸਾਮੀਆਂ ਵਿਚੋਂ 993 ਅਸਾਮੀਆਂ ਖਾਲੀ।
6. 1723 ਸਕੈਂਡਰੀ ਸਕੂਲਾਂ ਵਿਚੋਂ 708 ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ।
7. ਸੈਕੜੇ ਹਾਈ ਸਕੂਲ ਹੈੱਡਮਾਸਟਰਾਂ ਤੋਂ ਸੱਖਣੇ।
8. 30 ਹਜ਼ਾਰ ਤੋਂ ਵੱਧ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ।
9. ਪੰਜਾਬ ਵਿਚ ਸਿਖਿਆ ਬਜਟ ਸਿਰਫ 0.75 ਫਸਿਦੀ।
10.ਸਾਫਰਤਾ ਦਰ 76.69 ਫੀਸਦੀ।
11. ਪੜ੍ਹਾਈ ਦਾ ਮੰਦਾ ਹਾਲ ਪਿੰਡਾਂ ਦੀ ਸਿਰਫ 4 ਫੀਸਦੀ ਬੱਚੇ ਹੀ ਯੂਨੀਵਰਦਿਟੀ ਤੱਕ ਪੁਜਦੇ ਹਨ।
12. ਸਰਕਾਰੀ ਸਕੂਲਾਂ ਦੇ ਦਸਵੀਂ ਤੱਕ 80 ਫੀਸਦੀ ਬੱਚੇ ਪਭ੍ਹਾਈ ਛੱਡ ਜਾਂਦੇ ਹਨ।
13. ਪਾਠਕ੍ਰਮ ਨੀਰਸ ਤੇ ਬੋਝਲ ਹਨ।
14. ਅਧਿਆਪਕਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਮਿਲਦੀਆ।
15. ਸਕੂਲਾਂ ਵਿਚ ਇੱਕੋ ਜਿੰਨੇ ਪੜ੍ਹੇ ਅਧਿਆਪਕਾਂ ਵਿਚੋਂ ਇੱਕ 8000 ਤਨਖਾਹ ਲੈ ਰਿਹਾ ਅਤੇ ਇੱਕ 50000 (ਠੇਕਾ ਆਦਾਰਿਤ ਭਰਤੀ )।

ਇਸ ਤਰ੍ਹਾਂ ਦੇ ਹੋਰ ਅਨੇਕਾਂ ਕਾਰਨ ਹਨ ਜਿਨ੍ਹਾਂ ਕਾਰਨ ਸਿਖਿਆ ਦਾ ਬੁਰਾ ਹਾਲ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ ਜਿਹੜੇ ਸਾਧਨ ਵਿਹੂਣੇ ਲੋਕਾਂ ਦੇ ਬੱਚੇ ਸਿਖਿਆ ਪ੍ਰਾਪਤ ਕਰ ਰਹੇ ਹਨ ਉਹ ਵਿਚਾਰੇ ਕਦੋਂ ਰਲ਼ ਸਕਣਗੇ ਮਾਡਲ ਸਕੂਲਾਂ ਦੇ ਬੱਚਿਆਂ ਦੀ ਪੜ੍ਹਾਈ ਨਾਲ।ਇਹਨਾਂ ਬੇਸਿਕ ਗੱਲਾਂ ਵੱਲ ਕਿਸੇ ਮੰਤਰੀ ਸੰਤਰੀ ਦਾ ਧਿਆਨ ਨ੍ਹੀਨ ਜਾ ਰਿਹਾ।ਸਾਰੇ ਆਪਣੀਆ ਰਾਜਸੀ ਰੋਟੀਆਂ ਸੇਕ ਰਹੇ ਹਨ ਅਤੇ ਲੋਕਾਂ ਨੂੰ ਗੱਲਾਂ ਦਾ ਕੜ੍ਹਾਹ ਬਣਾ ਬਣਾ ਕੇ ਖੁਆ ਰਹੇ ਹਨ।ਇਸ ਲਈ ਜੇਕਰ ਸਾਡੇ ਦੇਸ਼ ਦੇ ਉਚ ਆਹੁਦਿਆਂ ਤੇ ਬੈਠੇ ਵਿਅਕਤੀ ਸਚ ਮੁਚ ਹੀ ਵਿਦਿਆਰਥੀਆਂ ਲਈ ਕੁਝ ਨਵਾਂ ਕਰਨਾ ਚਾਹੁੰਦੇ ਹਨ ਤਾਂ ਉਹ ਸਭ ਵਿਦਿਆਰਥੀਆਂ ਨੂੰ ਸਿਖਿਆ ਦੇ ਬਰਾਬਰ ਮੌਕੇ ਪ੍ਰਦਾਨ ਕਰਨ ਵਿਚ ਸਾਰਥਕ ਭੂਮਿਕਾ ਨਿਭਾਉਣ। **-ਤਰਸੇਮ ਜਲੰਧਰੀ (ਸੰਪਾਦਕ)**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਡੇਰਾ ਮਹਾਨਪੁਰੀ ਸਾਹਰੀ ਵਿਖੇ ਬਾਬਾ ਮਾਹਨ ਦਾਸ ਜੀ ਦਾ ਜਨਮ ਦਿਵਸ ਸ਼ਰਧਾ ਨਾਲ ਮਨਾਇਆ






ਪਿੰਡ ਸਾਹਰੀ ਡੇਰਾ ਮਹਾਨਪੁਰੀ ਵਿਖੇ ਮਹਾਨ ਤਪੱਸਵੀ ਬਾਬਾ ਮਾਹਨ ਦਾਸ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ।ਸਮੁਚੇ ਧਾਰਮਿਕ ਪ੍ਰੋਗ੍ਰਾਮ ਗੱਦੀ ਨਸ਼ੀਨ ਬਾਬਾ ਮੋਹਨ ਦਾਸ ਜੀ ਦੀ ਅਗਵਾਈ ਵਿਚ ਨੇਪਰੇ ਚੜ੍ਹੇ। 31 ਅਗਸਤ ਨੂੰ ਡੇਰੇ ਵਿਖੇ ਸ਼੍ਰੀ ਅਖੰਡ ਸਾਹਿਬ ਜੀ ਦਾ ਜਾਪ ਆਰੰਭ ਹੋਇਆ ਅਤੇ ਪਹਿਲੀ ਸਤੰਬਰ ਨੂੰ ਭੋਗ ਪਾਏ ਗਏ। ਇਸ ਧਾਰਮਿਕ ਸਮਾਗਮ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਲੱਖਾਂ ਸੰਗਤਾਂ ਨੇ ਆ ਕੇ ਨਤਮਸਤਕ ਕੀਤਾ। ਬਾਬਾ ਮੋਹਨ ਦਾਸ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਸਤਿਗੁਰੂ ਬਾਬਾ ਮਾਹਨ ਦਾਸ ਜੀ ਮਹਾਨ ਤਪੱਸਵੀ ਹੋਏ ਹਨ ਅਤੇ ਇਹਨਾਂ ਨੇ ਆਪਣਾ ਸਮੁੱਚਾ ਜੀਵਨ ਗਰੀਬ ਲੋਕਾਂ ਦੀ ਭਲਾਈ ਲਈ ਲਗਾਇਆ। ਬਾਬਾ ਜੀ ਸਾਰਾ ਸਮਾਂ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਬਾਣੀ ਨਾਲ ਜੋੜ ਕੇ ਉਪਦੇਸ਼ ਦਿੰਦੇ ਰਹੇ। ਉਹਨਾਂ ਤੋਂ ਬਾਅਦ ਬਾਕੀ ਸੰਤਾਂ ਮਹਾਂਪੁਰਸ਼ਾਂ ਨੇ ਵੀ ਬਾਬਾ ਮਾਹਨ ਦਾਸ ਜੀ ਦੀ ਪਾਈ ਹੋਈ ਪਿਰਤ ਨੂੰ ਜਾਰੀ ਰੱਖਿਆ। ਡੇਰੇ ਵਲੋਂ ਬਾਬਾ ਜੀ ਦੀ ਯਾਦ ਵਿਚ ਇੱਕ ਨਰਸਿੰਗ ਕਾਲਜ ਦੀ ਸਥਾਪਨਾ ਕੀਤੀ ਗਈ ਹੈ ਜਿੱਥੇ ਪੇਂਡੂ ਖੇਤਰ ਦੀਆਂ ਸੈਕੜੇ ਲੜਕੀਆਂ ਨਰਸਿੰਗ ਦੀ ਪੜ੍ਹਾਈ ਕਰ ਰਹੀਆਂ ਹਨ।ਪੇਂਡੂ ਖੇਤਰ ਵਿਚ ਇਸ ਕਾਲਜ਼ ਦੀ ਲੜਕੀਆਂ ਦੀ ਪੜ੍ਹਾਈ ਲਈ ਬਹੁਤ ਵੱਡੀ ਦੇਣ ਹੈ।

ਇਸ ਸਮੇਂ ਡੇਰੇ ਵਿਚ ਇਲਾਕੇ ਦੇ ਸੰਤ ਮਹਾਂਪੁਰਸ਼ ਬਾਬਾ ਨਿਰਮਲ ਦਾਸ ਜੀ ਆਵਾਦਾਨ ਵਾਲੇ ਜਨਰਲ ਸਕੱਤਰ ਸ਼੍ਰੀ ਗੁਰੁ ਰਵਿਦਾਸ ਸਾਧੂ ਸੰਪ੍ਰਦਾਇ ਪੰਜਾਬ, ਸੰਤ ਬਾਬਾ ਹਰਕਿਸ਼ਨ ਸਿੰਘ ਜੀ ਸੋਢੀ, ਸੰਤ ਸਰਵਨ ਦਾਸ ਜੀ ਬੋਹਣ ਵਾਲੇ, ਸੰਤ ਸੀਤਲ ਦਾਸ ਜੀ ਤਾਰਾਗੜ੍ਹ , ਸੰਤ ਜਸਵੰਤ ਸਿੰਘ ਜੀ ਨੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕੀਤਾ।ਸੰਤ ਬਾਬਾ ਗੁਰਮੁਖ ਦਾਸ ਜੀ ਨੇ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ।

ਕੀਰਤਨੀ ਜਥਿਆਂ ਵਿਚ ਭਾਈ ਸੁਰਜੀਤ ਸਿੰਘ ਜੀ ਮਹੱਦੀਪੁਰ ਵਾਲੇ, ਭਾਈ ਸੁਰਜੀਤ ਸਿੰਘ ਜੀ ਮਜਬੂਰ ਹੁਸ਼ਿਆਰਪੁਰ, ਬੀਬੀ ਬਲਜਿੰਦਰ ਕੌਰ ਜੀ ਖਾਲਸਾ, ਮਿਸ਼ਨਰੀ ਗਾਇਕ ਸਰਬਜੀਤ ਸਿੰਘ ਫੁੱਲ, ਸੁਰਜੀਤ ਸਿੰਘ ਬਿੱਲਾ,ਪ੍ਰਿੰਸ, ਸੋਨੂੰ ਆਦਿ ਨੇ ਵੀ ਧਾਰਮਿਕ ਗੀਤਾਂ ਰਾਹੀਂ ਹਾਜਰੀ ਲਗਵਾਈ।

ਲੋਕਾਂ ਦੀ ਸਹੂਲਤ ਲਈ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਮੀਡੀਆ ਤੋਂ ਵੱਖ ਵੱਖ ਅਖ਼ਬਾਰਾਂ ਦੇ ਪੱਤਰਕਾਰ ਅਤੇ ਜਲੰਧਰ ਦੂਰਦਰਸ਼ਨ ਦੀ ਟੀਮ ਵੀ ਹਾਜ਼ਰ ਸੀ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ।ਸਮਾਗਮ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਉਂਕਾਰ ਸਿੰਘ ਝਮਟ, ਲਹਿੰਬਰ ਰਾਮ ਝਮਟ, ਡਾ. ਸੰਤੋਖ ਸਿੰਘ, ਜਸਵੀਰ ਸਿੰਘ, ਪ੍ਰਗਟ ਸਿੰਘ, ਰੌਸ਼ਨ ਸਿੰਘ ਰੋਸੀ, ਸੰਤੋਖ ਸਿੰਘ ਤੋਖੀ, ਮਾਸਟਰ ਰੇਸ਼ਮ ਸਿੰਘ, ਦਵਿੰਦਰ ਕੁਮਾਰ ਪੰਚ, ਦੇਸ ਰਾਜ, ਅਮਰੀਕ ਸਿੰਘ ਨਿੱਕੂ, ਬਲਵਿੰਦਰ ਸਿੰਘ ਟੂਰਾ ਸਰਪੰਚ ਗਗਨੌਲੀ, ਪ੍ਰੇਮ ਸਿੰਘ ਖਾਨਪੁਰ ਥਿਆੜਾ, ਤੀਰਥ ਸਿੰਘ, ਅਮਰਜੀਤ ਸਿੰਘ, ਰਾਕੇਸ਼ ਕੁਮਾਰ, ਰਜਿੰਦਰ ਕੁਮਾਰ, ਕਰਮ ਚੰਦ, ਡਾ. ਬਲਵੀਰ ਸਿੰਘ, ਡਾ. ਰਾਮਸਰਨ, ਡਾ. ਵਿਜੇ ਕੁਮਾਰ, ਗੋਲਡੀ, ਧੋਨਾ, ਸਨੀ, ਭੂਰਾ ਅਤੇ ਸੰਗਤਾਂ ਹਾਜ਼ਰ ਸਨ।

**ਰਿਪੋਰਟ- ਜਸਵੰਤ ਰਾਏ ਸਾਹਰੀ**

# ਆਦਿ ਕੌਮ ਦੇ ਸੱਚੇ ਸਿਪਾਹੀ ਤੇ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ- ਮਹਿੰਦਰ ਰਾਮ ਚੁੰਬਰ

ਅਸੀਂ ਪਹਿਲਾਂ ਮਹਾਨ ਸੀ, ਹੁਣ ਮਹਾਨ ਕਿਉਂ ਨਹੀਂ ਹਾਂ? ਪਹਿਲਾਂ ਅਸੀਂ ਆਪਣੇ ਰਾਸ਼ਟਰ ਦੇ ਰਾਜੇ ਸੀ, ਹੁਣ ਗੁਲਾਮ ਕਿਉਂ ਹਾਂ? ਇਕ ਵੇਲੇ ਅਸੀਂ ਖੁਦ ਆਜ਼ਾਦ ਸਮਾਜ ਸੀ, ਅੱਜ ਗੁਲਾਮਾਂ ਵਾਲਾ ਜੀਵਨ ਜਿਉਂ ਰਹੇ ਹਾਂ? ਅਸੀਂ ਪੁਰਾਣੇ ਵਧੀਆ ਦਿਨਾਂ ਵਿਚ ਵਿਦੇਸ਼ੀ ਹਮਲਾਵਰਾਂ ਦੇ ਹੱਲਿਆਂ ਨੂੰ ਇਕੱਠੇ ਹੋ ਕੇ ਪਿੱਛੇ ਧੱਕ ਦਿੰਦੇ ਸੀ, ਹੁਣ ਅਸੀਂ ਆਪਣੇ ਆਪ ਨੂੰ ਹੀ ਸੁਰੱਖਿਅਤ ਮਹਿਸੂਸ ਕਰਨ ਵਿਚ ਅਸਮਰੱਥ ਕਿਉਂ ਹਾਂ? ਇਕ ਸਮਾਂ ਸੀ ਜਦੋਂ ਅਸੀਂ ਸਾਰੀ ਦੁਨੀਆਂ ਨੂੰ ਮਹਾਨ ਗੌਤਮ ਬੁੱਧ ਅਤੇ ਉਸ ਦੇ ਮਹਾਨ ਧਰਮ ਤੋਂ ਜਾਣੂ ਕਰਵਾਇਆ ਸੀ, ਰਾਜਨੀਤੀ, ਕਲਾ, ਵਿਗਿਆਨ ਤੋਂ ਵੀ। ਅਸੀਂ ਮਹਾਨਤਾ ਦੇ ਆਪਣੇ ਕੁਦਰਤ ਨੂੰ ਇੰਨੀ ਬੁਲੰਦੀ ਤੋਂ ਕਿਸੇ ਵਿਦੇਸ਼ੀ ਤਾਕਤ ਅੱਗੇ ਇੰਨੀ ਬੁਰੀ ਤਰ੍ਹਾਂ ਧਰਾਸ਼ਾਹੀ ਹੁੰਦਿਆਂ ਵੇਖ ਕੇ ਇਹ ਸੋਚ ਕੇ ਸਬਰ ਨਹੀਂ ਕਰ ਸਕਦੇ ਕਿ ਇਹ ਐਸੇ ਹਾਲਾਤ ਇਤਿਹਾਸ ਸਮੇਂ ਦੀ ਤਰੰਗ ਜਾਂ ਕਰਵਟ ਹਨ, ਇਹ ਮਾਰੂ ਘਾਤਕ ਬਿਮਾਰੀ ਸਾਡੇ ਢਾਂਚੇ ਵਿਚ ਅੱਜ ਵੀ ਮੌਜੂਦ ਹੈ। ਭੂਤਕਾਲ ਵਿਚ ਸਾਡੇ ਬਜ਼ੁਰਗ ਪਹਿਲੇ ਦਰਜੇ ਦੇ ਮੂਰਖ, ਕੰਨਾਂ ਦੇ ਕੱਚੇ, ਲਾਈਲੱਗ ਰਹੇ ਹੋਣਗੇ ਤੇ ਇਸੇ ਲਈ ਉਹਨਾਂ ਦਾ ਬ੍ਰਾਹਮਣਾਂ ਦੇ ਵਿਛਾਏ ਜਾਲ 'ਚ ਫਸ ਕੇ ਧੋਖੇ ਵਿਚ ਆ ਕੇ ਵੰਡੇ ਜਾਣਾ ਤੈਅ ਸੀ। ਵਰਤਮਾਨ ਵਿਚ ਵੀ ਅਸੀਂ ਉਹਨਾਂ ਵਰਗੇ ਮੂਰਖ ਤੇ ਉਜੱਡ ਹਾਂ ਜਾਂ ਇਹ ਕਹਿ ਲਿਆ ਜਾਵੇ ਕਿ ਅਸੀਂ ਉਹ ਨਹੀਂ ਹਾਂ, ਜੋ ਅਸੀਂ ਪਹਿਲਾਂ ਸੀ। ਇਕ ਸਰਪ੍ਰਸਤ ਹੇਠ ਇਕ ਵੱਡਾ ਰਾਸ਼ਟਰ ਸੀ। ਅਗਰ ਅਸੀਂ ਇਹ ਚਾਹੁੰਦੇ ਹਾਂ ਕਿ ਸਾਥੋਂ ਖੁਸੀ ਹੋਈ ਤਾਕਤ ਸਾਡੇ ਕੋਲ ਵਾਪਸ ਆ ਜਾਵੇ ਤਾਂ ਸਾਨੂੰ ਪੂਰੀ ਇਮਾਨਦਾਰੀ ਨਾਲ ਚੱਲਣਾ ਪਵੇਗਾ ਤੇ ਇਮਾਨਦਾਰੀ ਨਾਲ ਬਜ਼ੁਰਗਾਂ ਦੁਆਰਾ ਕੀਤੇ ਕਾਰਨਾਮਿਆਂ ਨੂੰ ਜਨਤਾ ਵਿਚ ਪੇਸ਼ ਕਰਨਾ ਪਵੇਗਾ। ਜਿਸ ਨਾਲ ਸਾਡਾ ਸਮਾਜ ਬਜ਼ੁਰਗਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਸੁਣ ਕੇ ਉਹਨਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਫਿਰ ਤੋਂ ਰਾਜ ਭਾਗ ਦਾ ਮਾਲਕ ਬਣ ਸਕੇ। ਇਸ ਲਈ ਸਾਨੂੰ ਆਪਣੇ ਬਜ਼ੁਰਗਾਂ ਦੇ ਪਾਏ ਪੂਰਨਿਆਂ ਬਾਰੇ ਬਰੀਕੀ ਨਾਲ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਅੱਜ ਸਾਨੂੰ ਸਿਰਫ ਤੇ ਸਿਰਫ ਬ੍ਰਾਹਮਣਵਾਦੀ ਸਿਸਟਮ ਦੁਆਰਾ ਪੇਸ਼ ਕੀਤੇ ਬ੍ਰਾਹਮਣ ਹੀ ਆਪਣੇ ਰਹਿਬਰ ਲੱਗਦੇ ਹਨ ਤੇ ਆਪਣੇ ਅਸਲੀ ਬਜ਼ੁਰਗ ਸਾਨੂੰ ਪਾਏ ਲੱਗਦੇ ਹਨ। ਪਹਿਲਾਂ ਤਾਂ ਸਾਨੂੰ ਪੜ੍ਹਨ ਦੀ ਆਦਤ ਪਾਉਣੀ ਪਵੇਗੀ, ਜਿਸ ਨਾਲ ਸਾਨੂੰ ਸਾਡੇ ਬਜ਼ੁਰਗਾਂ ਦੇ ਕੀਤੇ ਕੰਮਾਂ ਬਾਰ ਜਾਣਕਾਰੀ ਮਿਲ ਸਕੇ।

ਇਸ ਲਈ ਹੁਣ ਮੈਂ ਆਪਣੇ ਉਸ ਬਜ਼ੁਰਗ ਵੱਲ ਤੁਹਾਡਾ ਧਿਆਨ ਲੈ ਕੇ ਜਾਣਾ ਚਾਹੁੰਦਾ ਹਾਂ, ਜਿਸ ਦੀ ਕੀਤੀ ਕਮਾਈ ਤਾਂਹੁਤ ਵੱਡੀ ਹੈ ਪਰ ਵਾਰਿਸ ਕੋਈ ਨਹੀਂ, ਜੋ ਉਸ ਦੁਆਰਾ ਕੀਤੇ ਕੰਮਾਂ ਦੀ ਜਾਣਕਾਰੀ ਦੇ ਸਕੇ। ਸ਼ਾਇਦ ਸਾਡਾ ਸਮਾਜ ਵੱਡੀ ਗਿਣਤੀ ਹੋਣ ਦੇ ਬਾਵਜੂਦ ਆਪਣੇ ਬਜ਼ੁਰਗਾਂ ਨੂੰ ਜਾਣਨਾ ਨਾ ਚਾਹੁੰਦਾ ਹੋਵੇ। ਇਹੀ ਘਾਟ ਮੈਨੂੰ ਵੀ ਮਹਿਸੂਸ ਹੋਈ ਕਿ ਅਣਗੌਲਿਆ ਰਿਹਾ ਉਹ ਕੋਹਿਨੂਰ ਦਾ ਹੀਰਾ ਸਿਰਫ ਧੂੜ ਨਾਲ ਹੀ ਹਾਰਿਆ ਪਿਆ ਹੈ। ਕਿਉਂਕਿ ਇਸ ਹੀਰੇ ਦੀ ਚਮਕ ਵੀ ਕਿਸੇ ਵਧੀਆ ਤੇ ਅਨਮੋਲ ਹੀਰੇ ਦੀ ਚਮਕ ਨਾਲੋਂ ਘੱਟ ਨਹੀਂ ਹੈ। ਇਸ ਅਣਗੌਲੇ ਬਜ਼ੁਰਗ ਨੂੰ ਪੜ੍ਹ ਕੇ ਤੁਸੀਂ ਮਹਿਸੂਸ ਜ਼ਰੂਰ ਕਰੋਗੇ ਕਿ ਇੰਨੇ ਵੱਡੇ ਕੰਮ ਕਰਕੇ ਜਾਣ ਵਾਲਾ ਆਪਣੀ ਚਮਕ ਕਿਉਂ ਨਾ ਬਿਖੇਰ ਸਕਿਆ। ਇਸ ਬਜ਼ੁਰਗ ਨੇ ਆਪਣੇ ਤੇ ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੀ ਜ਼ਿੰਦਗੀ ਸਫਲ ਕੀਤੀ, ਮਾਤਾ ਪਿਤਾ ਦੇ ਨਾਮ ਨੂੰ ਵੀ ਚਾਰ ਚੰਨ ਲਗਾ ਦਿੱਤੇ। ਮੈਂ ਗੱਲ ਕਰ ਰਿਹਾ ਹਾਂ ਸ੍ਰੀ ਮਹਿੰਦਰ ਰਾਮ ਚੁੰਬਰ ਜੀ ਦੀ ਜਿਹਨਾਂ ਬਾਰੇ ਸਾਡਾ ਸਮਾਜ ਸ਼ਾਇਦ ਨਾ ਜਾਣਦਾ ਹੋਵੇ। ਸ੍ਰੀ ਮਹਿੰਦਰ ਰਾਮ ਚੁੰਬਰ ਜੀ ਦਾ ਜਨਮ 2 ਦਸੰਬਰ 1942 ਨੂੰ ਮਾਤਾ ਸ਼੍ਰੀਮਤੀ ਹਨੀ ਚੁੰਬਰ ਜੀ ਦੀ ਸੁਭਾਗੀ ਕੁੱਖ ਤੋਂ ਸ੍ਰੀ ਬੰਤਾ ਰਾਮ ਚੁੰਬਰ ਦੇ ਪਿੰਡ ਮੀਰਪੁਰ ਜੱਟਾਂ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਹੋਇਆ। ਮਾਤਾ ਸ੍ਰੀ ਰਲੀ ਚੁੰਬਰ ਤੇ ਪਿਤਾ ਸ੍ਰੀ ਬੰਤਾ ਰਾਮ ਚੁੰਬਰ ਜੀ ਨ ਆਪਣੇ ਬੇਟੇ ਨੂੰ ਅਜਿਹੀ ਸਿੱਖਿਆ ਦੇਸਣ ਦਾ ਮਨ ਬਣਾ ਰੱਖਿਆ ਸੀ ਜੋ ਉਹਨਾਂ ਦੇ ਇਸ ਸੰਸਾਰ ਤੋਂ ਜਾਣ ਪਿੱਛੋਂ ਵੀ ਜਿਉਂਦੀ ਰਹੇ। ਮਾਤਾ ਪਿਤਾ ਨੂੰ ਵਿੱਦਿਆ ਪ੍ਰਤੀ ਗਿਆਨ ਹੋਣ ਕਾਰਨ ਹੀ ਮਹਿੰਦਰ ਰਾਮ ਚੁੰਬਰ ਜੀ ਗ੍ਰੈਜੂਏਸ਼ਨ ਤੱਕ ਦੀ ਪੜ੍ਹਾਈ ਬਿਨਾਂ ਰੋਕ ਟੋਕ ਦੇ ਪੂਰੀ ਕਰ ਗਏ। ਮਾਤਾ ਪਿਤਾ ਆਪਣੇ ਬੇਟੇ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਬਿਰਤੀ ਦਾ ਪਾਠ ਵੀ ਪੜ੍ਹਾਉਂਦੇ ਰਹੇ। ਮਾਤਾ ਪਿਤਾ ਦੇ ਪਿਆਰ ਦੁਲਾਰ ਦੇ ਕਰਕੇ ਆਪ ਜੀ ਦੀ ਰੁਚੀ ਇੱਕੋ ਕੁਝ ਕਿਲੋਮੀਟਰ ਦੂਰ ਸਥਿਤ ਸ੍ਰੀ ਖੁਰਾਲਗੜ੍ਹ ਸਾਹਿਬ ਦਲਿਤ ਕੌਮ ਦਾ ਮੱਕਾ ਜਿੱਥੇ ਸਤਿਗੁਰੂ ਰਵਿਦਾਸ ਜੀ ਦੇ ਪਾਵਨ ਪਵਿੱਤਰ ਚਰਨ ਪਏ ਸਨ, ਵੱਲ ਵੱਧ ਗਿਆ। ਆਪ ਨੇ ਗੁਰੂ ਘਰ ਜਾਣਾ ਸ਼ੁਰੂ ਕਰ ਦਿੱਤਾ ਤੇ ਉਥੇ ਆਪ ਨੂੰ ਬਹੁਤ ਕੁਝ ਕਰਨ ਵਾਸਤੇ ਦਿਖਾਈ ਦਿੱਤਾ। ਅਜਿਹੀ ਚਲਦੀ ਚਾਲ ਵਿਚ ਗ੍ਰੈਜੂਏਸ਼ਨ ਤੋਂ ਬਾਅਦ ਆਪ ਜੀ ਨੂੰ ਪੰਜਾਬ ਸਿਹਤ ਵਿਭਾਗ ਵਿਚ ਨੌਕਰੀ ਮਿਲ ਗਈ। ਮਹਿਕਮੇ ਵਿਚ ਨੌਕਰੀ ਕਰਦਿਆਂ ਆਪ ਨੂੰ ਅਜੇ ਪੰਜ ਸਾਲ ਹੀ ਹੋਏ ਸਨ ਕਿ ਆਪ ਨੇ ਮਨ ਖੱਟਾ ਹੋ ਜਾਣ ਤੇ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ, ਕਿਉਂਕਿ ਸਿਹਤ ਵਿਭਾਗ ਆ ਪਜੀ ਦੀ ਮਰਜ਼ੀ ਵਰਗਾ ਨਹੀਂ ਸੀ। ਇਸ ਤੋਂ ਬਾਅਦ ਆਪ ਜੀ ਨੂੰ ਜਲਦੀ ਹੀ ਬਿਜਲੀ ਬੋਰਡ ਵਿਚ ਨੌਕਰੀ ਪ੍ਰਾਪਤ ਹੋ ਗਈ। ਜੋ ਆਪ ਨੇ ਸਦਾ ਇਮਾਨਦਾਰੀ ਨਾਲ ਪੂਰੀ ਕੀਤੀ। ਕਿਉਂਕਿ ਆਪ ਜੀ ਦੀ ਇਮਾਨਦਾਰੀ ਦੇ ਕਿੱਸੇ ਅੱਜ ਵੀ ਆਪ ਦੇ ਸਾਥੀਆਂ ਤੋਂ ਸੁਣਨ ਨੂੰ ਮਿਲ ਜਾਂਦੇ ਹਨ। ਆਪ ਜੀ ਦੇ ਨੌਕਰੀ ਕਰਨ ਵੇਲੇ ਮੁਲਾਜ਼ਮ ਵੱਡੇ ਵੱਡੇ ਘਪਲੇ ਕਰ ਰਹੇ ਸਨ, ਜਿਹਨਾਂ ਦਾ ਆਪ ਸਮਾਂ ਆਉਣ ਤੇ ਜੱਗ ਜਾਹਿਰ ਕਰਦਿਆਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਇਮਾਨਦਾਰੀ ਨਾਲ ਰੋਲ ਨਿਭਾਇਆ।

ਬਿਜਲੀ ਵਿਭਾਗ ਵਿਚ ਸੇਵਾ ਕਰਦਿਆਂ 21 ਦਸੰਬਰ 2000 ਨੂੰ ਆਪ ਜੀ ਅਪਰ ਡਵੀਜ਼ਨ ਕਲਰਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਜਦੋਂ ਆਪ ਨੌਕਰੀ ਕਰਦੇ ਸਨ ਤਾਂ ਉਸ ਵੇਲੇ ਆਪ ਜੀ ਦੀ ਮਾਤਾ ਸ਼੍ਰੀਮਤੀ ਰਤੀ ਚੁੰਬਰ ਜੀ ਨੇ ਆਪ ਜੀ ਨੂੰ ਸ਼ਾਦੀ ਵਿਆਹ ਕਰਨ ਬਾਰੇ ਪੁੱਤਿਆ। ਅੱਗੇ ਤੇ ਆਪ ਜੀ ਨੇ ਅਜਿਹਾ ਜਵਾਬ ਦਿੱਤਾ ਕਿ ਮਾਂ ਨੂੰ ਕੁਝ ਬੋਲਣ ਵਾਸਤੇ ਕੋਈ ਸ਼ਬਦ ਹੀ ਨਾ ਸੁੱਝਿਆ। ਮਹਿੰਦਰ ਰਾਮ ਜੀ ਨੇ ਆਪਣੀ ਮਾਤਾ ਨੂੰ ਵਿਆਹ ਤੋਂ ਜਵਾਬ ਵੀ ਨਾ ਦਿੱਤਾ ਕੀਤਾ ਵੀ ਨਹੀਂ। ਆਪ ਨੇ ਆਖਿਆ ਕਿ ਮਾਂ ਮੈਂ ਵਿਆਹ ਜ਼ਰੂਰ ਕਰਵਾਵਾਂਗਾ ਪਰ ਮੇਰੀ ਕੌਮ ਤੇ ਮੁਸੀਬਤਾਂ ਬਹੁਤ ਨੇ। ਸਾਡੀਆਂ ਧੀਆਂ ਭੈਣਾਂ ਜਦੋਂ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਜਾਂਦੀਆਂ ਹਨ ਤਾਂ ਉਥੇ ਵੁਹਨਾਂ ਨੂੰ ਇਕ ਪੰਡ ਪੱਠਿਆਂ ਦੀ ਖਾਤਰ ਜ਼ਿੰਮੀਦਾਰ ਜ਼ਲੀਲ ਕਰਦੇ ਹਨ ਜੋ ਮੇਰੀ ਸਮਝ ਤੋਂ ਪਰ੍ਹੇ ਦੀ ਗੱਲ ਹੈ। ਕਿਉਂਕਿ ਸ੍ਰੀ ਬੰਗਾ ਰਾਮ ਘੇੜਾ ਜੀ ਆਖਿਆ ਕਰਦੇ ਸਨ ਕਿ ਜ਼ਿੰਮੀਦਾਰਾਂ ਨੂੰ ਜ਼ਮੀਨਾਂ ਸਰਕਾਰ ਨੇ ਅਲਾਟ ਕੀਤੀਆਂ ਹਨ ਨਾ ਕਿ ਕਿਸੇ ਨੇ ਖਰੀਦੀਆਂ ਹਨ, ਫਿਰ ਇਹ ਸਾਡੀਆਂ ਧੀਆਂ ਭੈਣਾ ਨੂੰ ਜ਼ਲੀਲ ਕਿਉਂ ਕਰਦੇ ਹਨ। ਇਸ ਲਈ ਮੈਂ ਜਦੋਂ ਤੱਕ ਇ ਗਲਤ ਰਵਾਇਤ ਤੋੜ ਨਹੀਂ ਦਿੰਦਾ, ਉਦੋਂ ਤੱਕ ਮਾਂ ਮੈਂ ਵਿਆਹ ਨਹੀਂ ਕਰਵਾ ਸਕਦਾ। ਮਾਂ ਜਿਸ ਦਿਨ ਮੇਰੀ ਕੌਮ ਤੋਂ ਇਹ ਕਾਲੇ ਬੱਦਲ ਛਟ ਗਏ, ਮੈਂ ਆਪਣੇ ਆਪ ਤੈਨੂੰ ਵਿਆਹ ਕਰਵਾਉਣ ਵਾਸਤੇ ਆਖ ਦਿਆਂਗਾ। ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਪ ਜਲਦੀ ਤੋਂ ਜਲਦੀ ਮੱਥਾ ਟੇਕਣ ਵਾਸਤੇ ਜਾਇਆ ਕਰਦੇ ਸਨ ਤੇ ਆਪ ਕਿਹਾ ਕਰਦੇ ਸਨ ਕਿ ਜੋ ਸਕੂਨ ਮੈਨੂੰ ਸਾਰੀ ਨਹੀਂ ਮਿਲ ਸਕਿਆ, ਉਹ ਇੱਥੇ ਆ ਕੇ ਮਿਲ ਜਾਂਦਾ ਹੈ। ਤੇ ਆਪ ਜੀ ਨੇ ਮਹਿਸੂਸ ਕੀਤਾ ਕਿ ਸੰਗਤਾਂ ਦੇ ਬੈਠਣ ਵਾਸਤੇ ਜਗ੍ਹਾ ਦੀ ਬਹੁਤ ਘਾਟ ਹੈ, ਜਿਸਨੂੰ ਪੂਰਾ ਕਰਨ ਲਈ ਆਪ ਜੀ ਨੇ ਆਪਣੇ ਪੱਧਰ ਤੇ ਸੋਚਣਾ ਸ਼ੁਰੂ ਕਰ ਦਿੱਤਾ। ਆਪ ਜੀ ਜ਼ਮੀਨ ਦੀ ਘਾਟ ਨੂੰ ਪੂਰਾ ਕਰਨ ਵਾਸਤੇ ਸੰਨ 1984 ਵਿਚ 3 ਕਨਾਲ 14 ਮਰਲੇ ਜ਼ਮੀਨ ਖਰੀਦ ਕੇ ਦਾਨ ਕਰ ਦਿੱਤੀ। ਇਸ ਤੋਂ ਬਾਅਦ 24 ਅਪ੍ਰੈਲ 1995 ਨੂੰ 39 ਕਨਾਲ ਜ਼ਮੀਨ ਖਰੀਦ ਕੇ ਦਾਨ ਕੀਤੀ। ਇਹ ਜ਼ਮੀਨ ਆਪ ਜੀ ਨੇ ਤੱਪ ਅਸਥਾਨ ਗੁਰਦੁਆਰਾ ਸ੍ਰੀ ਰਵਿਦਾਸ ਜੀ ਵਾਸਤੇ ਦਾਨ ਕੀਤੀ। ਇਸ ਤਰ੍ਹਾਂ ਹੀ ਆਪ ਜੀ ਨੇ ਗੁਰੂ ਘਰ ਤੋਂ 3 ਕਿਲੋਮੀਟਰ ਦੂਰ ਚਰਨ ਛੋਹ ਗੰਗਾ ਅੰਮ੍ਰਿਤ ਕੁੰਡ ਵਿਖੇ 10 ਜਨਵਰੀ 2005 ਨੂੰ 306 ਕਨਾਲ 8 ਮਰਲੇ ਜ਼ਮੀਨ ਦਾ ਇੰਤਕਾਲ ਕਰਵਾਇਆ। ਜਦੋਂ ਇਸ ਜਗ੍ਹਾ ਦੀ ਦਾਨ ਡੀਡ ਕਰਵਾਈ ਗਈ ਤਾਂ ਉਸ ਵਿਚ ਕੁਝ ਸ਼ਰਤਾਂ ਰੱਖੀਆਂ ਗਈਆਂ। ਜੋ ਸਿੱਧੇ ਰੂਪ ਵਿਚ ਕੌਮ ਦੇ ਹਿੱਤ ਵਿਚ ਸਨ। ਸ਼ਰਤਾਂ ਮੁਤਾਬਕ ਇਸ ਜਗ੍ਹਾ ਤੇ ਕੋਈ ਸਾਧੂ, ਸੰਤ, ਮਹਾਤਮਾ ਕਦੇ ਵੀ ਕਾਬਜ਼ ਨਹੀਂ ਹੋਵੇਗਾ। ਅਤੇ ਨਾ ਹੀ ਇਹ ਜਗ੍ਹਾ ਕਿਸੇ ਦੀ ਨਿੱਜੀ ਜਾਇਦਾਦ ਹੋਵੇਗੀ। ਇਹ ਜਗ੍ਹਾ ਜੁੱਗੋ ਜੁੱਗ ਤੱਕ ਆਦਿ ਕੌਮ ਨੂੰ ਸਮਰਪਿਤ ਹੋਵੇਗਾ ਤੇ ਖੂੰਡੀ ਦੌਰੀ ਦਾ ਨਿਸ਼ਾਨ ਸਦਾ ਰਹੇਗਾ। ਇਸ ਤਰ੍ਹਾਂ ਹੀ ਆਪ ਜੀ ਨੇ ਪਿੰਡ ਕਲੌਣ ਨਜ਼ਦੀਕ ਰਾਹੋਂ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਵੀ 16 ਮਰਲੇ ਜ਼ਮੀਨ ਦਾਨ ਵਜੋਂ ਆਲ ਇੰਡੀਆ ਆਦਿ ਧਰਮ ਮਿਸ਼ਨ 4698 ਨੂੰ ਦਿੱਤੀ ਅਤੇ ਪਿੰਡ ਕਲੌਣ ਵਿਖੇ ਹੀ ਬਚਦੇ 6 ਮਰਲੇ ਚਰਨ ਛੋਹ ਗੰਗਾ ਅੰਮ੍ਰਿਤ ਕੁੰਡ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਦਾਨ ਵਜੋਂ ਦੇ ਦਿੱਤੇ। ਇਸ ਤਰ੍ਹਾਂ ਹੀ ਆਪ ਜੀ ਨੇ ਆਪਣੇ ਜੱਦੀ ਪਿੰਡ ਮੀਰਪੁਰ ਜੱਟਾਂ ਵਿਖੇ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਨੂੰ 26 ਮਰਲੇ ਦਾਨ ਵਜੋਂ ਦਿੱਤੇ ਤੇ ਜੱਦੀ ਪਿੰਡ ਵਿਚ ਹੀ ਬਾਕੀ ਬਚਦੇ 5 ਮਰਲੇ ਆਪਣੇ ਮਾਤਾ ਪਿਤਾ ਦੀ ਯਾਦ ਨੂੰ ਸਮਰਪਿਤ ਹੁੰਦਿਆਂ ਸਵ: ਸ੍ਰੀ ਬੰਤਾ ਰਾਮ ਚੁੰਬਰ ਤੇ ਸ੍ਰੀਮਤੀ ਰਲੀ ਚੁੰਬਰ ਤੇ ਸਵ: ਸ੍ਰੀ ਪੂਰਨ ਚੰਦ ਚੁੰਬਰ ਤੇ ਸ੍ਰੀਮਤੀ ਆਤੀ ਚੁੰਬਰ ਆਦਿ ਵਾਸੀ ਮੈਮੋਰੀਅਲ ਧਰਮ ਅਸਥਾਨ ਮੀਰਪੁਰ ਜੱਟਾਂ ਨੂੰ ਦਾਨ ਵਜੋਂ ਦਿੱਤੇ। ਬਿਜਲੀ ਵਿਭਾਗ ਵਿਚ ਕੰਮ ਕਰਦਿਆਂ ਆਪ ਨੇ ਲੱਖਾਂ ਘਰਾਂ ਤੱਕ ਰੌਸ਼ਨੀ ਪਹੁੰਚਾ ਕੇ ਹਨੇਰੇ ਨੂੰ ਖਤਮ ਕੀਤਾ ਪਰ ਆਪਣੇ ਘਰ ਵਿਚ ਬਿਜਲੀ ਨਹੀਂ ਲਿਆਂਦੀ। ਆਪ ਕਿਹਾ ਕਰਦੇ ਸਨ ਕਿ ਮੇਰੇ ਨਾਲੋਂ ਹੋਰ ਲੋੜਵੰਦ ਬਹੁਤ ਨੇ, ਮੈਂ ਤਾਂ ਫਿਰ ਵੀ ਲੈ ਲਊਂਗਾ ਪਰ ਅਖੀਰ ਤੱਕ ਆਪ ਜੀ ਆਪਣੇ ਘਰ ਬਿਜਲੀ ਨਹੀਂ ਲਿਆਂਦੀ ਤੇ ਸਦਾ ਆਪਣੇ ਘਰ ਵਿਚ ਦੇਸੀ ਜੁਗਾੜ ਵਾਲੇ ਦੀਵੇ ਬਣਾ ਕੇ ਮਿੱਟੀ ਦੇ ਤੇਲ ਦੀ ਵਰਤੋਂ ਕਰਿਆ ਕਰਦੇ ਸਨ, ਤੇ ਆਪਣੀ ਜ਼ਿੰਦਗੀ ਦੇ ਹੁਸੀਨ ਪਲ ਉਸ ਦੇ ਨਾਲ ਹੀ ਗੁਜ਼ਾਰੇ, ਜੋ ਆਪ ਦੇ ਘਰ ਵਿਚ ਵੀ ਸੰਭਾਲ ਕੇ ਰੱਖੇ ਹੋਏ ਹਨ। ਸ੍ਰੀ ਮਹਿੰਦਰ ਰਾਮ ਚੁੰਬਰ ਜੀ ਦਾ ਜਦੋਂ ਵਿਆਹ ਹੀ ਨਹੀਂ ਹੋਇਆ ਤਾਂ ਫਿਰ ਔਲਾਦ ਕਿੱਥੋਂ ਆਉਣੀ ਸੀ। ਪਰ ਮਹਿੰਦਰ ਰਾਮ ਜੀ ਨੂੰ ਕਦੇ ਵੀ ਔਲਾਦ ਦੀ ਘਾਟ ਮਹਿਸੂਸ ਨਹੀਂ ਹੋਈ। ਆਪ ਜੀ ਦੇ ਵਿਹੜੇ ਵਿਚ ਇਕ ਛੋਟਾ ਜਿਹਾ ਬਾਲ ਵਿਜੈ ਕੁਮਾਰ ਨਾਂ ਦਾ ਰਹਿੰਦਾ ਸੀ, ਜੋ ਆਪ ਜੀ ਨੂੰ ਬਹੁਤ ਪਿਆਰ ਕਰਦਾ ਸੀ। ਮਹਿੰਦਰ ਰਾਮ ਜੀ ਉਲਾਂਭੇ ਤੋਂ ਡਰਿਆ ਕਰਦੇ ਸਨ, ਇਸ ਕਰਕੇ ਆਪ ਵਿਜੈ ਕੁਮਾਰ ਨੂੰ ਆਪਣੇ ਘਰ ਆਏ ਹੋਏ ਉਸਦੇ ਘਰ ਛੱਡ ਆਉਂਦੇ, ਜੋ ਫਿਰ ਵਾਪਸ ਆ ਜਾਂਦਾ। ਆਪ ਫਿਰ ਛੱਡ ਕੇ ਆਉਂਦੇ ਤੇ ਵਿਜੈ ਕੁਮਾਰ ਫਿਰ ਵਾਪਸ ਆ ਜਾਂਦਾ ਸੀ, ਫਿਰ ਆਪ ਗੁੱਸੇ ਹੋ ਕੇ ਵਿਜੈ ਕੁਮਾਰ ਦੇ ਥੱਪੜ ਮਾਰ ਦਿੰਦੇ ਤੇ ਆਖਦੇ ਜਾਹ ਭੱਜ ਜਾ ਮੈਂ ਤੇਰਾ ਕੀ ਲੱਗਦਾ ਹਾਂ। ਪਰ ਵਿਜੈ ਕੁਮਾਰ ਇਕ ਖਾਸ ਹੀ ਮਿੱਟੀ ਦਾ ਬਣਿਆ ਹੋਇਆ ਥੱਪੜ ਖਾ ਕੇ ਫਿਰ ਮਹਿੰਦਰ ਰਾਮ ਜੀ ਨੂੰ ਆ ਕੇ ਚਿੰਬੜ ਜਾਂਦਾ ਸੀ। ਅਜਿਹੀਆਂ ਹਰਕਤਾਂ ਵੇਖ ਕੇ ਸ੍ਰੀ ਮਹਿੰਦਰ ਰਾਮ ਜੀ ਨੇ ਵਿਜੈ ਕੁਮਾਰ ਨੂੰ ਨਿਖਾਰਨਾ ਸ਼ੁਰੂ ਕਰ ਦਿੱਤਾ। ਲੋੜ ਪੈਣ ਤੇ ਝਿੜਕ ਵੀ ਲੈਣਾ ਤੇ ਵਿਜੈ ਕੁਮਾਰ ਦੇ ਮਨ ਦੀਆਂ ਹੋ ਗਈਆਂ। ਮਹਿੰਦਰ ਰਾਮ ਜੀ ਨੇ ਵਿਜੈ ਕੁਮਾਰ ਦੀ ਪੜ੍ਹਾਈ ਵਿਚ ਰੁਚੀ ਵੇਖ ਕੇ ਖੂਬ ਪੜ੍ਹਾਇਆ ਤੇ ਫਿਰ ਵਕੀਲ ਬਣਨ ਦਾ ਸੁਪਨਾ ਪੂਰਾ ਕੀਤਾ। ਵਿਜੈ ਕੁਮਾਰ ਅੱਜਕਲ੍ਹ ਵਕੀਲ ਬਣ ਕੇ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿਖੇ ਸੇਵਾ ਨਿਭਾਅ ਰਿਹਾ ਹੈ। ਤੇ ਮਹਿੰਦਰ ਰਾਮ ਜੀ ਦੇ ਜਾਣ ਪਿੱਛੋਂ ਵੀ ਉਹਨਾਂ ਦੇ ਆਦੇਸ਼ਾਂ ਦੀ ਡਟ ਕੇ ਪਾਲਣਾ ਕਰਦਾ ਹੈ। ਮਹਿੰਦਰ ਰਾਮ ਜੀ ਪਿੰਡ ਵਿਚ ਸਭ ਨਾਲ ਪਿਆਰ ਕਰਦੇ ਸਨ ਤੇ ਛੋਟੇ ਬੱਚਿਆਂ ਨੂੰ ਸਭ ਤੋਂ ਵੱਧ ਪਿਆਰ ਕਰਦੇ ਸਨ ਤੇ ਬੱਚਿਆਂ ਵਾਸਤੇ ਸਦਾ ਆਪ ਆਪਣੀ ਜੇਬ ਵਿਚ ਟਾਫੀਆਂ ਰੱਖਿਆ ਕਰਦੇ ਸਨ। ਗਲੀ ਵਿਚੋਂ ਲੰਘਦਿਆਂ ਸਾਰਿਆਂ ਬੱਚਿਆਂ ਨੂੰ ਆਪ ਟਾਫੀਆਂ ਦਿੰਦੇ ਅੱਗੇ ਲੰਘ ਜਾਂਦੇ ਤੇ ਜਿਸ ਬੱਚੇ ਨੂੰ ਟਾਫੀਆਂ ਰਸਤੇ ਵਿਚ ਨਾ ਮਿਲ- ਦੀਆਂ, ਉਹ ਮਹਿੰਦਰ ਰਾਮ ਜੀ ਦੇ ਘਰ ਆ ਕੇ ਟਾਫੀਆਂ ਪ੍ਰਾਪਤ ਕਰ ਲੈਂਦਾ ਸੀ। ਜੇਕਰ ਕੋਈ ਬੱਚਾ ਗਲੀ ਵਿਚ ਰੋਂਦਾ ਮਿਲ ਜਾਂਦਾ ਤਾਂ ਆਪ ਚੁੱਕ ਕੇ ਦੁਕਾਨ ਤੇ ਲਿਜਾ ਕੇ ਬੱਚੇ ਦੀ ਮਨਪਸੰਦ ਚੀਜ਼ ਦੇ ਕੇ ਬੱਚੇ ਨੂੰ ਚੁੱਪ ਕਰਵਾ ਦਿੰਦੇ ਤੇ ਮਾਤਾ ਪਿਤਾ ਨੂੰ ਝਿੜਕ ਕੇ ਆਖਦੇ ਕਿ ਬੱਚਿਆਂ ਨੂੰ ਮਾਰਿਆ ਨਾ ਕਰੋ, ਮਾਰਿਆ ਨਾ ਕਰੋ, ਬੱਚੇ ਭਗਵਾਨ ਦਾ ਰੂਪ ਹੁੰਦੇ ਹਨ। ਬਚਪਨ ਵਿਚ ਹੀ ਸ਼ਰਾਰਤਾਂ ਕੀਤੀਆਂ ਜਾ ਸਕਦੀਆਂ ਹਨ। ਬੱਚੇ ਦਾ ਮਨ ਸ਼ਰਾਰਤੀ ਤੇ ਨਾਸਮਝ ਹੁੰਦਾ ਹੈ। ਇਸ ਲਈ ਜਦੋਂ ਉਹਨਾਂ ਦੇ ਸਮਝ ਆ ਗਈ ਤਾਂ ਉਹਨਾਂ ਆਪਣੇ ਆਪ ਸ਼ਰਾਰਤਾਂ ਕਰਨ ਤੋਂ ਹਟ ਜਾਣਾ ਹੈ। ਇਸ ਤਰ੍ਹਾਂ ਮਹਿੰਦਰ ਰਾਮ ਜੀ ਹਰ ਘਰ ਵਿਚ ਸਤਿਕਾਰੇ ਜਾਂਦੇ ਸਨ।


ਸਤਨਾਮ ਸਿੰਘ ਸਹੂੰਗੜਾ
91470-71532

ਸਾਰਾ ਪਿੰਡ ਮਹਿੰਦਰ ਰਾਮ ਜੀ ਨੂੰ ਰੱਜ ਕੇ ਪਿਆਰ ਕਰਦਾ ਸੀ ਤੇ ਸਾਰਾ ਪਿੰਡ ਪਿਆਰ ਨਾਲ ਮਹਿੰਦਰ ਰਾਮ ਜੀ ਨੂੰ ਪਿਆਰ ਵਿਚ ਬਾਬੂ ਜੀ ਕਰਕੇ ਬੁਲਾਇਆ ਕਰਦੇ ਸੀ। ਸਾਰੇ ਪਿੰਡ ਵਿਚ ਤੇ ਸਾਰੇ ਘਰਾਂ ਸਭ ਜਾਤਾਂ ਵਿਚ ਬਾਬੂ ਮਹਿੰਦਰ ਰਾਮ ਜੀ ਨੂੰ ਅਥਾਹ ਪਿਆਰ ਸਤਿਕਾਰ ਮਿਲਦਾ ਸੀ। ਬਾਬੂ ਜੀ ਅਕਸਰ ਹੀ ਕੌਮ ਦੇ ਉਪਰ ਹੁੰਦੇ ਜ਼ੁਲਮ ਤੇ ਅਮੀਰ-ਗਰੀਬ ਦੇ ਪਾੜੇ ਨੂੰ ਵੇਖ ਕੇ ਅਕਸਰ ਹੀ ਭਾਵੁਕ ਹੋ ਜਾਇਆ ਕਰਦੇ ਸਨ। ਤੇ ਕਈ ਕਈ ਘੰਟੇ ਚੁੱਪ ਚਾਪ ਰਹਿ ਕੇ ਉਦਾਸੀ ਵਿਚ ਗੁਜ਼ਾਰ ਦਿੰਦੇ ਸਨ। ਬਾਬੂ ਮਹਿੰਦਰ ਰਾਮ ਜੀ ਇਕ ਸੱਚੇ ਨਿਸ਼ਕਾਮ ਸਮਾਜ ਸੇਵਕ ਸਨ।

ਬਾਬੂ ਮਹਿੰਦਰ ਰਾਮ ਜੀ ਵਕੀਲ ਵਿਜੈ ਕੁਮਾਰ ਤੇ ਬਹੁਤ ਮਾਣ ਕਰਿਆ ਕਰਦੇ ਤੇ ਉਸਨੂੰ ਕਿਹਾ ਕਰਦੇ ਸਨ ਕਿ ਪੁੱਤਰ ਜਦੋਂ ਮੈਂ ਮਰ ਜਾਵਾਂ ਤੇ ਮੇਰੀ ਖਰੀਦੀ ਹੋਈ ਜਗ੍ਹਾ ਵਿਚ ਮੇਰਾ ਸੰਸਕਾਰ ਕਰ ਦੇਵੀਂ ਤ ਸਾਰਾ ਕੰਮ ਆਦਿ ਧਰਮ ਦੇ ਰੀਤੀ ਰਿਵਾਜ਼ ਅਨੁਸਾਰ ਕਰਨਾ। ਬਾਬੂ ਮਹਿੰਦਰ ਰਾਮ ਜੀ ਦੁਨੀਆਂ ਨੂੰ ਪਿਆਰ ਵੰਡਦੇ ਹੋਏ ਤੇ ਬੱਚਿਆਂ ਨੂੰ ਦੁਲਾਰਦੇ ਹੋਏ ਅਖੀਰ 9 ਸਤੰਬਰ 2013 ਨੂੰ ਪਿਆਰ ਵੰਡਦੇ ਹੋਏ ਤੇ ਬੱਚਿਆਂ ਨੂੰ ਦੁਲਾਰਦੇ ਹੋਏ ਅਖੀਰ 9 ਸਤੰਬਰ 2013 ਨੂੰ ਸਭ ਨੂੰ ਰੋਂਦਿਆਂ ਛੱਡ ਕੇ ਸਤਿਗੁਰੂ ਜੀ ਦੇ ਸੱਚਖੰਡ ਵਿਚ ਪਹੁੰਚ ਗਏ। ਆਪ ਜੀ ਦੀ ਹਰਮਨ ਪਿਆਰਤਾ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਜਿਸ ਦਿਨ ਆਪ ਜੀ ਦਾ ਸੰਸਕਾਰ ਸੀ, ਉਸ ਦਿਨ ਆਪ ਨੂੰ ਚਾਹੁਣ ਵਾਲੇ ਰਾਜਨੀਤਿਕ ਤੇ ਹਰ ਧਰਮ ਫਿਰਕੇ ਦੇ ਲੋਕ ਵੱਡੀ ਗਿਣਤੀ ਨਾਲ ਹਜ਼ਾਰਾਂ ਦੇ ਇਕੱਠ ਵਿਚ ਹਾਜਰ ਸਨ। ਇਸੇ ਕਰਕੇ ਮੈਂ ਪਹਿਲਾਂ ਲਿਖਿਆ ਸੀ ਕਿ ਅਸੀਂ ਪਹਿਲਾਂ ਮਹਾਨ ਸੀ, ਰਾਜੇ ਸੀ, ਹਮਲਾਵਰਾਂ ਨੇ ਹਮਲੇ ਨੂੰ ਇਕੱਠ ਨਾਲ ਰੋਕ ਲਿਆ ਕਰਦੇ ਸੀ। ਪਰ ਜਦੋਂ ਤੋਂ ਬ੍ਰਾਹਮਣਵਾਦ ਸਾਡੇ ਦੇਸ਼ ਵਿਚ ਆਇਆ, ਸਾਡਾ ਇਤਿਹਾਸ ਮਿੱਟੀ ਵਿਚ ਮਿਲ ਗਿਆ। ਅਸੀਂ ਕੋਈ ਸਮਾਜਿਕ ਪਰਿਵਰਤਨ ਨਹੀਂ ਕਰ ਸਕੇ, ਆਰਥਿਕ, ਰਾਜਨੀਤਿਕ ਬਦਲਾਅ ਨਹੀਂ ਆ ਸਕੇ। ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਅਸੀਂ ਮੂਰਖਾਂ ਨਾਲੋਂ ਘੱਟ ਨਹੀਂ ਤੇ ਪੂਰੀ ਤਰ੍ਹਾਂ ਘਰ ਉਜਾੜਨ ਵੱਲ ਕੂਚ ਕਰ ਰਹੇ ਹਾਂ, ਹਮਲਾਵਰ ਬ੍ਰਾਹਮਣਵਾਦ ਨਾਲ ਮਿਲ ਕੇ।

# ਕੀ ਇਸ ਦੇਸ਼ ਦੇ ਭਵਿੱਖ ਦਾ ਫੈਸਲਾ ਜਾਅਲੀ ਡਿਗਰੀਆਂ ਦੇਣ ਵਾਲੀਆਂ ਯੂਨੀਵਰਸਿਟੀਆਂ ਜਾਂ ਫਿਰ ਨਕਲ ਮਰਵਾਉਣ ਵਾਲੇ ਸੈਂਟਰ ਕਰਨਗੇ

ਪੜਾਈ ਜਿੰਦਗੀ ਦਾ ਇੱਕ ਜਰੂਰੀ ਹਿੱਸਾ ਹੈ ਪਰ ਇਸ ਯੁਗ ਵਿੱਚ ਪੜਾਈ ਬਹੁਤ ਮਹਿੰਗੀ ਹੋ ਗਈ ਹੈ ਤੇ ਵੱਡੀਆਂ ਵੱਡੀਆਂ ਡਿਗਰੀਆਂ ਪੜਾਈ ਤੇ ਮਿਹਨਤ ਅਤੇ ਪੈਸਾ ਖਰਚ ਕੇ ਮਿਲਦੀਆਂ ਹਨ । ਕਾਲਜਾਂ ਅਤੇ ਯੂਨੀਵਰਸੀਟੀਆਂ ਦੀਆਂ ਮੋਟੀਆਂ ਫੀਸਾਂ ਤੇ 4-5 ਸਾਲ ਦਾ ਲੰਮਾ ਸਮਾਂ ਤੇ ਮਿਹਨਤ ਦੇ ਨਾਲ ਇਹ ਡਿਗਰੀਆਂ ਮਿਲਦੀਆਂ ਹਨ ਪਰ ਅੱਜ ਦੀ 21ਵੀਂ ਸਦੀ ਵਿੱਚ ਕੁੱਝ ਯੂਨੀਵਰਸੀਟੀਆਂ ਅਤੇ ਕੁਝ ਸੈਂਟਰਾਂ ਵੱਲੋ ਇਸ ਦਾ ਸ਼ਾਰਟਕੱਟ ਕੱਢ ਕੇ ਜਾਅਲੀ ਡਿਗਰੀਆਂ ਦਿੱਤੀਆ ਜਾ ਰਹੀਆਂ ਹਨ। ਕਈ ਸਟਡੀ ਸੈਂਟਰ, ਕਾਲਜ ਅਤੇ ਯੂਨੀਵਰਸੀਟੀਆਂ ਜਾਅਲੀ ਹੋਣ ਦੇ ਬਾਵਜੂਦ ਨਾ ਸਿਰਫ ਆਪਣਾ ਧੰਦਾ ਚਲਾ ਰਹੀਆਂ ਹਨ ਬਲਕਿ ਆਨਲਾਇਨ ਆਪਣੀਆਂ ਸਾਇਟਾਂ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਹੁਣ ਤਾਂ ਹੱਦ ਹੀ ਹੋ ਗਈ ਜਦੋਂ ਪੰਜਾਬ ਸਰਕਾਰ ਦੇ ਟੀਚਰ ਭਰਤੀ ਦੇ ਫਾਰਮ ਵਿੱਚ ਸੈਕੜੇ ਹੀ ਜਾਅਲੀ ਡਿਗਰੀ ਦੇ ਮਾਮਲੇ ਸਾਹਮਣੇ ਆਏ। ਸਰਕਾਰ ਵਲੋਂ 623 ਫਰਜੀ ਡਿਗਰੀ ਧਾਰਕਾਂ ਦੀ ਲਿਸਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦਿੱਤੀ ਗਈ ਹੈ ਨਾਲ ਹੀ ਸਰਕਾਰ ਵਲੋਂ 2 ਕਮੇਟੀਆਂ ਦਾ ਗਠਨ ਕਰਕੇ ਫਰਜੀ ਡਿਗਰੀ ਧਾਰਕਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪਰ ਸਰਕਾਰ ਅਤੇ ਪ੍ਰਸ਼ਾਸਨ ਵੱਲੋ ਪਹਿਲਾ ਹੀ ਜਾਲੀ ਡਿਗਰੀਆਂ ਦੇਣ ਵਾਲੀਆਂ ਯੂਨੀਵਰਸੀਟੀਆਂ ਅਤੇ ਸੈਂਟਰਾਂ ਦੇ ਖਿਲਾਫ ਕਿਉ ਨਹੀਂ ਕਾਰਵਾਈ ਕੀਤੀ ਜਾਂਦੀ।

ਜਾਅਲੀ ਡਿਗਰੀਆਂ ਦਾ ਇਹ ਧੰਦਾ ਲਗਭਗ ਸਾਰੇ ਭਾਰਤ ਵਿੱਚ ਹੀ ਵੱਡੇ ਪੱਧਰ ਤੇ ਫੈਲਿਆ ਹੋਇਆ ਹੈ। ਜਾਅਲੀ ਡਿਗਰੀਆਂ ਪ੍ਰਾਪਤ ਕਰਲ ਵਾਲਿਆਂ ਨੂੰ ਇਹ ਇੱਕ ਅਸਾਨ ਸ਼ਾਰਟਕੱਟ ਤੇ ਸਮਾਂ ਤੇ ਮਿਹਨਤ ਲਗਾਏ ਬਿਨਾ ਡਿਗਰੀਆਂ ਪ੍ਰਾਪਤ ਕਰਨ ਦਾ ਵਧੀਆ ਸਾਧਨ ਲੱਗਦਾ ਹੈ। ਪਰ ਕਈ ਵਿਦਆਰਥੀਆਂ ਨੂੰ ਇਹ ਪਤਾ ਹੀ ਨਹੀ ਹੁੰਦਾ ਕਿ ਜਿਸ ਯੂਨੀਵਰਸੀਟੀ ਅਤੇ ਸੈਂਟਰ ਵਿੱਚ ਉਹ ਪੜ ਰਿਹਾ ਹੈ ਉਹ ਤਾਂ ਖੁਦ ਜਾਅਲੀ ਦੇ ਪਲੇਟਫਾਰਮ ਤੇ ਖੜਾ ਹੈ। ਜਾਅਲੀ ਡਿਗਰੀਆਂ ਦਾ ਇਹ ਗੋਰਖਧੰਧਾ ਬਹੁਤ ਪੁਰਾਣਾ ਹੈ ਤੇ ਤਕਰੀਬਨ ਸਾਰੇ ਹੀ ਭਾਰਤ ਵਿੱਚ ਫੈਲਿਆ ਹੋਇਆ ਹੈ। ਸਰਕਾਰੀ ਨੌਕਰੀਆਂ ਲਈ ਖੁੱਦ ਨੂੰ ਯੋਗ ਸਾਬਤ ਕਰਣ ਦੀ ਇੱਛਾ ਅਤੇ ਆਪਣੇ ਨਾਂਅ ਅੱਗੇ ਵੱਡੀਆਂ ਵੱਡੀਆਂ ਡਿਗਰੀਆਂ ਦੇ ਲਾਲਚ ਨੇ ਜਾਲੀ ਡਿਗਰੀਆਂ ਦੇ ਇਸ ਧੰਦੇ ਨੂੰ ਚਾਰ ਚੁਫੇਰੇ ਫੈਲੇ ਘਣੇ ਪੇੜ ਦਾ ਰੂਪ ਦੇ ਦਿੱਤਾ ਹੈ ਜਿਸ ਦੀ ਛਾਂ ਹੇਠ ਕਿੰਨੇ ਹੀ ਮਾਸੂਮ ਨੌਜਵਾਨ ਠਗੇ ਜਾ ਰਹੇ ਹਨ।

ਪਿਛਲੇ ਕੁੱਝ ਸਾਲਾਂ ਤੋਂ ਕਾਰਸਪੋਡਿੰਗ ਕੋਰਸਾਂ ਤੇ ਡਿਸਟੈਂਟ ਐਜੂਕੇਸ਼ਨ ਦਾ ਬਹੁਤ ਪ੍ਰਚਲਨ ਹੋ ਗਿਆ ਹੈ ਤੇ ਹਰ ਸ਼ਹਿਰ ਵਿੱਚ ਡਿਸਟੈਂਟ ਐਜੂਕੇਸ਼ਨ ਰਾਹੀਂ ਪੜਾਈ ਕਰਵਾਉਣ ਵਾਲੇ ਸਟਡੀ ਸੈਂਟਰਾਂ ਦੀ ਵੀ ਭਰਮਾਰ ਹੋ ਗਈ ਹੈ। ਇਹਨਾਂ ਜਿਆਦਾਤਰ ਸੈਂਟਰਾਂ ਵਿੱਚ ਦੂਰ ਦੁਰਾਡੇ ਦੀਆਂ ਯੂਨੀਵਰਸੀਟੀਆਂ ਦੇ ਕੋਰਸ ਕਰਵਾ ਕੇ ਜਿਆਦਾਤਰ ਆਨਲਾਈਨ ਪੇਪਰ ਲਏ ਜਾਂਦੇ ਹਨ ਤੇ ਡਿਗਰੀਆਂ ਤੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਇਹਨਾਂ ਵਿੱਚੋਂ ਕਈ ਤਾਂ ਸਹੀ ਹੁੰਦੇ ਹਨ ਪਰ ਕਈ ਉਹਨਾਂ ਯੂਨੀਵਰਸੀਟੀਆਂ ਦੇ ਵੀ ਕੋਰਸ ਕਰਾਈ ਜਾ ਰਹੇ ਹਨ ਜੋ ਯੂ ਜੀ ਸੀ ਵਲੋਂ ਯੂਨੀਵਰਸੀਟੀਆਂ ਪ੍ਰਮਾਣਿਤ ਵੀ ਨਹੀਂ ਹਨ। ਕਈ ਸੈਂਟਰ ਅਜਿਹੇ ਵੀ ਹਨ ਜਿਹੜੇ ਕਿ ਕਿਸੀ ਪ੍ਰਮਾਣਿਤ ਯੂਨੀਵਰਸੀਟੀ ਨਾਲ ਜੁੜੇ ਹੁੰਦੇ ਹਨ ਪਰ ਬਹਿੰਦੀ ਗੰਗਾ ਵਿੱਚ ਹੱਥ ਧੋਂਦਿਆਂ ਨਾਲ ਹੀ ਫਰਜੀ ਯੂਨੀਵਰਸੀਟੀਆਂ ਦੇ ਵੀ ਕੋਰਸ ਕਰਾ ਕੇ ਸਰਟੀਫਿਕੇਟ ਵੰਡੀ ਜਾਂਦੇ ਹਨ। ਜਿਆਦਾਤਰ ਸੈਂਟਰਾਂ ਵਲੋਂ ਪਾਸ ਹੋਣ ਦੀ ਗਾਰੰਟੀ ਵੀ ਦਿੱਤੀ ਜਾਂਦੀ ਹੈ ਅਤੇ ਕਈ ਸੈਟਰਾਂ ਖਿਲਾਫ ਸਮੇਂ ਸਮੇ ਤੇ ਅੱਖਵਾਰਾਂ ਵਿੱਚ ਨਕਲ ਮਰਵਾਉਣ ਦੀਆਂ ਖਬਰਾਂ ਵੀ ਲੱਗਦੀਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਨੂੰ ਇਹਨਾ ਸੈਟਰਾਂ ਦੀ ਸਮੇਂ ਸਮੇਂ ਤੇ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਪਤਾ ਲਗਾਉਣਾ ਚਾਹੀਦਾ ਹੈ ਕਿ ਉਹ ਜਾਅਲੀ ਡਿਗਰੀ ਤਾਂ ਨਹੀ ਕਰਵਾ ਰਿਹਾ। ਇਹਨਾ ਸੈਟਰਾਂ ਵਿੱਚ ਬੱਚੇ ਇੱਕ ਦੂਜੇ ਦੀ ਦੇਖਾ ਦੇਖੀ ਦਾਖਲਾ ਲੈ ਲੈਂਦੇ ਹਨ ਤੇ ਸੈਂਟਰ ਜਿਹੜੀਆਂ ਯੂਨੀਵਰਸੀਟੀਆਂ ਨਾਲ ਜੁੜੇ ਹੋਣ ਦਾ ਦਾਵਾ ਕਰਦੇ ਹਨ ਉਹਨਾਂ ਵਲੋਂ ਦਿੱਤੀਆਂ ਜਾਂਦੀਆਂ ਡਿਗਰੀਆਂ ਕਾਨੂੰਨਨ ਸਹੀ ਵੀ ਹਨ ਇਸਦੀ ਜਾਂਚ ਵੀ ਨਹੀਂ ਕਰਦੇ। ਵੈਸੇ ਕੋਈ ਖਾਸ ਜਰੀਆ ਵੀ ਨਹੀਂ ਹੈ ਕਿਉਕਿ ਹਜਾਰਾਂ ਕਿਲੋਮੀਟਰ ਦੂਰ ਦੀਆਂ ਯੂਨੀਵਰਸੀਟੀਆਂ ਤੇ ਜਾ ਕੇ ਪੜਤਾਲ ਕਰਨਾ ਸ਼ਾਇਦ ਹੀ ਕਿਸੇ ਦੇ ਬੱਸ ਵਿੱਚ ਹੋਵੇ। ਕੋਈ ਵੀ ਯੂਨੀਵਰਸੀਟੀ ਭਾਵੇਂ ਉਹ ਪ੍ਰਮਾਣਿਤ ਵੀ ਹੈ ਪਰ ਫਿਰ ਵੀ ਡਿਸਟੈਂਟ ਐਜੁਕੇਸ਼ਨ ਦੇਣ ਲਈ ਉਸਨੂੰ ਅਲਗ ਤੋਂ ਯੂ ਜੀ ਸੀ ਦੀ ਅਪਰੂਵਲ ਲੈਣੀ ਪੈਂਦੀ ਹੈ ਤਾਂ ਹੀ ਉਹ ਡਿਸਟੈਂਟ ਐਜੁਕੇਸ਼ਨ ਦੇ ਕੋਰਸ ਕਰਵਾ ਸਕਦੀ ਹੈ। ਅਪਰੂਵਲ ਮਿਲਣ ਤੋਂ ਬਾਦ ਵੀ ਉਹ ਯੂਨੀਵਰਸੀਟੀ ਨਿਰਧਾਰਿਤ ਮਿਆਦ ਲਈ ਹੀ ਕੋਰਸ ਕਰਵਾ ਸਕਦੀ ਹੈ। ਕਈ ਵਾਰ ਸਥਾਨਕ ਕਾਲਜਾਂ ਜਾਂ ਸਟਡੀ ਸੈਂਟਰਾਂ ਵਿੱਚ ਯੂਨੀਵਰਸਿਟੀ ਦੀ ਡਿਸਟੈਂਟ ਐਜੂਕੇਸ਼ਨ ਦੀ ਮਿਆਦ ਪੂਰੀ ਹੋਣ ਤੋਂ ਬਾਦ ਵੀ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਮਾਨਯੋਗ ਸੁਪਰੀਮ ਕੋਰਟ ਨੇ ਵੀ ਆਪਣੇ ਆਦੇਸ਼ਾਂ ਵਿੱਚ ਤੈਅ ਕੀਤਾ ਹੋਇਆ ਹੈ ਕਿ ਕੋਈ ਵੀ ਯੂਨੀਵਰਸਿਟੀ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਡਿਸਟੈਂਟ ਐਜੂਕੇਸ਼ਨ ਦੇ ਕੋਰਸ ਨਹੀਂ ਕਰਵਾ ਸਕਦੀ।

ਜਾਅਲੀ ਡਿਗਰੀਆਂ ਦਾ ਇਹ ਮਕੜਜਾਲ ਪੂਰੇ ਭਾਰਤ ਵਿੱਚ ਹੀ ਲੰਮਾ ਚੌੜਾ ਫੈਲਿਆ ਹੋਇਆ ਹੈ। ਕੁੱਝ ਤਾਂ ਯੂਨੀਵਰਸਿਟੀਆਂ ਹੀ ਬੋਗਸ ਚਲ ਰਹੀਆਂ ਹਨ ਤੇ ਕੁੱਝ ਸਹੀ ਯੂਨੀਵਰਸੀਟੀਆਂ ਦੇ ਨਾਮ ਤੇ ਸਰਟੀਫਿਕੇਟ ਬੋਗਸ ਬਣ ਰਹੇ ਹਨ। ਟੈਕਨੋਲਜੀ ਨੇ ਕੰਮ ਹੋਰ ਆਸਾਨ ਕਰ ਦਿੱਤਾ ਹੈ। ਕਈ ਅਜਿਹੀਆਂ ਸਾਈਟਾਂ ਹਨ ਜੋ ਪੈਸੇ ਲੈ ਕੇ ਆਨਲਾਈਨ ਜਾਲੀ ਡਿਗਰੀਆਂ ਵੇਚ ਰਹੀਆਂ ਹਨ। ਇਹਨਾਂ ਸਾਈਟਾਂ ਤੇ ਜਿਹੜੀਆਂ ਯੂਨੀਵਾਸੀਟੀਆਂ ਦੀਆਂ ਜਾਲੀ ਡਿਗਰੀਆਂ ਦਿੱਤੀਆਂ ਜਾ ਰਹੀਆਂ ਹਨ ਉਹਨਾਂ ਦੇ ਸੈਂਪਲ ਵੀ ਪਾਏ ਗਏ ਹਨ ਜੋਕਿ ਅਸਲੀ ਵਰਗੇ ਹੀ ਹਨ।

ਰੰਗਦਾਰ ਪਿੰਟ੍ਰਰ ਦੀ ਮਦਦ ਨਾਲ ਜਾਲੀ ਸਰਟੀਫਿਕੇਟ ਤਿਆਰ ਕੀਤੇ ਜਾਂਦੇ ਹਨ। ਦਸਵੀਂ, ਬਾਰਵੀਂ, ਬੀ ਏ, ਬੀ ਐਸ ਸੀ, ਬੀ ਕਾਮ, ਬੀ ਐਡ, ਐਮ ਏ, ਐਮ ਬੀ ਏ, ਪੀ ਐਚ ਡੀ, ਐਮ ਬੀ ਬੀ ਐਸ, ਆਈਲੈਟ ਆਦਿ ਕਿਹੜੀ ਡਿਗਰੀ ਹੈ ਜਿਸਦੇ ਜਾਲੀ ਸਰਟੀਫਿਕੇਟ ਨਹੀਂ ਮਿਲਦੇ ਹਨ ਬਸ ਰੇਟ ਅੱਲਗ ਅੱਲਗ ਹਨ। ਇਹਨਾਂ ਦਾ ਇਸਤੇਮਾਲ ਸਰਕਾਰੀ ਨੋਕਰੀ ਲੈਣ, ਵੱਡੀਆਂ ਫਰਮਾਂ ਵਿੱਚ ਉੱਚੀਆਂ ਪੋਸਟਾਂ ਲੈਣ ਤੇ ਵਿਦੇਸ਼ ਜਾਣ ਲਈ ਕੀਤਾ ਜਾਂਦਾ ਹੈ।

ਯੂ ਜੀ ਸੀ ਵਲੋਂ 21 ਜਾਲੀ ਯੂਨੀਵਾਸਿਟੀਆਂ ਦੇ ਨਾਂਅ ਦੀ ਲਿਸਟ ਆਪਣੀ ਵੈਬਸਾਇਟ ਤੇ ਪਾਈ ਹੋਈ ਹੈ ਜਿਸ ਵਿੱਚ ਸਭ ਤੋਂ ਜਿਆਦਾ ਜਾਅਲੀ ਯੂਨੀਵਰਸੀਟੀਆਂ ਯੂ ਪੀ ਅਤੇ ਦਿੱਲੀ ਵਿੱਚ ਹਨ। ਇਹਨਾਂ ਵਿੱਚ ਹੋਮਿਓਪੈਥਿਕ, ਆਲਟਰਨੇਟ ਮੈਡੀਸਨ, ਸਾਇੰਸ ਅਤੇ ਇੰਜੀਨਿਅਰਿੰਗ, ਅਰੈਬਿਕ, ਸੰਸਕ੍ਰਿਤ ਆਦਿ ਤਕਰੀਬਨ ਹਰ ਵਿਸ਼ੇ ਦੀਆਂ ਯੂਨੀਵਰਸੀਟੀਆਂ ਸ਼ਾਮਲ ਹਨ। ਪਰ ਇਸ ਤੋਂ ਇਲਾਵਾ ਵੀ ਪਤਾ ਨਹੀਂ ਕਿੰਨੀਆਂ ਹੀ ਸਿਰਫ ਨਾਮ ਭਰ ਦੀਆਂ ਯੂਨੀਵਰਸਿਟੀਆਂ ਦੇਸ਼ ਦੇ ਕੋਨੇ ਕੋਨੇ ਵਿੱਚ ਇੱਕ ਨਿੱਕੇ ਜਿਹੇ ਕਮਰੇ ਵਿੱਚ ਇੱਕ ਮੇਜ, ਇੱਕ ਕੰਪਊਟਰ, ਰੰਗਦਾਰ ਪਿੰਟ੍ਰਰ ਤੇ ਕੁੱਝ ਜਾਅਲੀ ਮੋਹਰਾਂ ਦੇ ਸਹਾਰੇ ਚਲ ਰਹੀਆਂ ਹਨ। ਇਹਨਾ ਵਲੋਂ ਅਕਸਰ ਅਖਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਜਾਂਦੇ ਹਨ। 8ਵੀਂ ਫੇਲ ਦਸਵੀਂ ਕਰੋ, ਦਸਵੀਂ ਫੇਲ 12ਵੀਂ ਕਰੋ ਤੇ ਨਾਲ ਹੀ ਸੋ ਫ਼ੀਸਦੀ ਪਾਸ ਹੋਣ ਦੀ ਗਾਰੰਟੀ ਵੀ ਦਿੱਤੀ ਜਾਂਦੀ ਹੈ। ਹੋਰ ਤਾਂ ਹੋਰ ਇਹਨਾਂ ਵਿੱਚੋਂ ਕਈ ਜਾਅਲੀ ਯੂਨੀਵਰਸਿਟੀਆਂ ਵਲੋਂ ਤਾਂ ਅੱਗੇ ਫਰੈਨਚਾਈਜ਼ੀ ਵੀ ਦੇ ਦਿੱਤੀਆਂ ਜਾਂਦੀਆਂ ਹਨ। ਸਾਰਾ ਤਮਾਸ਼ਾ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਅੱਖਾਂ ਸਾਮਣੇ ਚਲਦਾ ਹੈ ਪਰ ਸਭ ਅਨਜਾਨ ਹਨ। ਇਹਨਾਂ ਜਾਅਲੀ ਡਿਗਰੀਆਂ ਦੇ ਸਹਾਰੇ ਕਿੰਨੇ ਹੀ ਲੋਕ ਅੱਜ ਨਾ ਜਾਨੇ ਕਿਹੜੀ ਕਿਹੜੀ ਵੱਡੀ ਪੋਸਟ ਤੇ ਵੀ ਬੈਠੇ ਹੋਣਗੇ ਤੇ ਕਿੰਨੇ ਹੀ ਮਿਹਨਤ ਨਾਲ ਪੜ ਕੇ ਪਾਸ ਹੋਣ ਵਾਲਿਆਂ ਦਾ ਹੱਕ ਮਾਰ ਰਹੇ ਹਨ। ਕੀ ਇਸ ਦੇਸ਼ ਦੇ ਭਵਿੱਖ ਦਾ ਫੈਸਲਾ ਜਾਅਲੀ ਡਿਗਰੀਆਂ ਦੇਣ ਵਾਲੀਆਂ ਯੂਨੀਵਰਸਿਟੀਆਂ ਜਾਂ ਫਿਰ ਨਕਲ ਮਰਵਾਉਣ ਵਾਲੇ ਸੈਂਟਰ ਕਰਨਗੇ। ਇਹ ਸੋਚਣ ਦਾ ਵਿਸ਼ਾ ਹੈ।


ਅਕੇਸ਼ ਕੁਮਾਰ

ਇਹਨਾਂ ਜਾਅਲੀ ਯੂਨੀਵਰਸੀਟੀਆਂ ਅਤੇ ਡਿਸਟੈਂਟ ਐਜੁਕੇਸ਼ਨ ਦੇ ਨਾਮ ਤੇ ਚਲ ਰਹੇ ਜਾਅਲੀ ਸਟਡੀ ਸੈਂਟਰਾਂ ਦੇ ਨੱਕ ਨਕੇਲ ਪਾਉਣ ਲਈ ਸਰਕਾਰ ਨੂੰ ਸਖਤ ਕਦਮ ਚੁੱਕਣ ਦੀ ਲੋੜ ਹੈ ਤਾਂ ਜੋ ਸਿਖਿਆ ਦੇ ਨਾਮ ਤੇ ਹੋ ਰਿਹਾ ਅੰਨਾ ਵਪਾਰ ਰੁੱਕ ਸਕੇ ਅਤੇ ਸਹੀ ਐਜੁਕੇਸ਼ਨ ਮਿਲ ਸਕੇ।

# ਅਨਪੜਤਾ ਦੇਸ਼ ਅਤੇ ਸਮਾਜ ਦੇ ਵਿਕਾਸ ਵਿੱਚ ਵੱਡੀ ਰੁਕਾਵਟ

## ਅਰਬਾਂ ਰੁਪਏ ਖਰਚਕੇ ਵੀ ਅਸੀਂ ਸਾਖਰਤਾ ਵਿੱਚ ਕਈ ਦੇਸ਼ਾਂ ਨਾਲੋਂ ਪਿੱਛੇ


ਕੁਲਦੀਪ ਚੰਦ ਭਾਰਤੀ
9417563054

ਹਰ ਸਾਲ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 8 ਸਤੰਬਰ ਨੂੰ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ। ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਹਰ ਸਾਲ ਅੰਤਰਰਾਸ਼ਟਰੀ ਸਾਖਰਤਾ ਦਿਵਸ ਨੂੰ ਯੂਨੈਸਕੋ ਵੱਲੋਂ ਅੰਤਰਰਾਸ਼ਟਰੀ ਭਾਈਚਾਰੇ ਦੇ ਪੜ੍ਹਨ-ਲਿਖਣ ਦੇ ਪੱਧਰ ਬਾਰੇ ਰਿਪੋਰਟ ਜਾਰੀ ਕੀਤੀ ਜਾਂਦੀ ਹੈ। ਸਾਰੀ ਦੁਨੀਆਂ ਵਿੱਚ 775 ਮਿਲੀਅਨ ਯੁਵਕ ਪੜ੍ਹਾਈ ਤੋਂ ਬਾਂਝੇ ਹਨ। ਦੁਨੀਆਂ ਦਾ ਹਰ ਪੰਜਵਾਂ ਵਿਕਅਤੀ ਅਨਪੜ੍ਹ ਹੈ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। 60.7 ਮਿਲੀਅਨ ਬੱਚੇ ਸਕੂਲਾਂ ਤੋਂ ਬਾਹਰ ਹਨ ਅਤੇ ਜ਼ਿਆਦਾਤਰ ਪੜ੍ਹਾਈ ਛੱਡ ਚੁੱਕੇ ਹਨ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ 100 ਫੀਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫੀਸਦੀ ਤੋਂ ਵੱਧ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ ਹੈ। ਸਾਡੇ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾ ਦੀ ਸਾਖਰਤਾ ਦਰ 82.1 ਫੀਸਦੀ ਅਤੇ ਮਹਿਲਾਵਾਂ ਦਾ ਸਾਖਰਤਾ ਦਰ 65.5 ਫੀਸਦੀ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿ-ਸਤਾਨ ਦੀ 28.1 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 12.6 ਫੀਸਦੀ ਹੈ। ਭਾਰਤ ਇੱਕ ਉਭਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਣਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜ਼ਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਵਾਕਈ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਵਾਲ ਇਹ ਉਠਦਾ ਹੈ ਕਿ ਅਸੀਂ ਸਾਖਰ ਹੁੰਦੇ ਹੋਏ ਵੀ ਸਿੱਖਿਅਤ ਕਿਉਂ ਨਹੀਂ ਹਾਂ। ਸਿੱਖਿਆ ਦਾ ਮਤਲਬ ਸਿਰਫ ਪੜ੍ਹਨਾ ਲਿਖਣਾ ਅਤੇ ਬਾਹਰਵੀਂ ਕਲਾਸ ਪਾਸ ਕਰਨਾ ਨਹੀਂ ਹੁੰਦਾ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਅਰਜਿਤ ਕਰਨਾ। ਰੱਟਾ ਲਗਾਉਣ ਨਾਲ ਤੋਤਾ ਵੀ ਬੋਲਣ ਲੱਗ ਪੈਂਦਾ ਹੈ ਪਰ ਤੋਤਾ ਕਿਸੇ ਨੂੰ ਗਿਆਨ ਨਹੀਂ ਦੇ ਸਕਦਾ ਹੈ। ਪੜ੍ਹ-ਲਿਖ ਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਅਰਜਿਤ ਨਹੀਂ ਕਰ ਪਾਉਂਦੇ ਹਾਂ। ਸਥਿਤੀ ਇਹ ਹੋ ਜਾਂਦੀ ਹੈ ਕਿ ਪੜ੍ਹਨ-ਲਿਖਣ ਦੇ ਬਾਵਜੂਦ ਵੀ ਨੌਕਰੀ ਨਹੀਂ ਮਿਲਦੀ ਹੈ। ਸਾਡੇ ਦੇਸ਼ ਦੀ ਸਿੱਖਿਆ ਪੱਧਤੀ ਦੀ ਇਹ ਇੱਕ ਬਹੁਤ ਵੱਡੀ ਕਮੀ ਹੈ ਕਿ ਉਹ ਸਾਖਰ ਤਾਂ ਕਰ ਦਿੰਦੀ ਹੈ ਪਰ ਸਿੱਖਿਆ ਦਾ ਮਾਮਲੇ ਵਿੱਚ ਅਸੀਂ ਪਿੱਛੇ ਰਹਿ ਜਾਂਦੇ ਹਾਂ। ਸਾਡੇ ਦੇਸ਼ ਵਿੱਚ ਲੱਖਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਹਰ ਸਾਲ ਦੀ ਤਰਾਂ ਅੱਜ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਇਸ ਸਬੰਧੀ ਸਮਾਗਮ ਆਯੋਜਿਤ ਕੀਤੇ ਜਾਣਗੇ ਪਰ ਕੀ ਇਹ ਦਿਵਸ ਮਨਾਉਣ ਨਾਲ ਹੀ ਸਾਡੇ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਹੋ ਸਕਦੀ ਹੈ।




ਸਰਕਾਰ ਐਜੁਕੇਸ਼ਨ ਸੈਸ ਦੇ ਨਾਮ ਤੇ ਰੋਜ਼ ਕਰੋੜਾਂ ਰੁਪਏ ਟੈਕਸ ਇਕੱਠਾ ਕਰ ਰਹੀ ਹੈ ਪਰ ਦੂਸਰੇ ਪਾਸੇ ਪੜ੍ਹਾਈ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀਆਂ ਕੋਸ਼ਿਸ਼ਾ ਹੋ ਰਹੀਆਂ ਹਨ। ਪੜ੍ਹਾਈ ਨੂੰ ਮਹਿੰਗਾ ਕਰਕੇ ਗਰੀਬ ਲੋਕਾਂ ਦੀ ਪਹੁੰਚ ਤੋਂ ਦੂਰ ਕੀਤਾ ਜਾ ਰਿਹਾ ਹੈ। ਹਰ ਸਾਲ ਵੱਧ ਰਹੀਆਂ ਫੀਸਾਂ, ਕਿਤਾਬਾਂ ਅਤੇ ਕਾਪੀਆਂ ਦੀਆਂ ਵੱਧ ਰਹੀਆਂ ਕੀਮਤਾਂ ਨੇ ਗਰੀਬਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ ਜਿਸ ਕਾਰਨ ਗਰੀਬ ਵਿਦਿਆਰਥੀਆਂ ਲਈ ਸਿੱਖਿਆ ਪ੍ਰਾਪਤ ਕਰਨਾ ਇੱਕ ਸੁਪਨਾ ਬਣ ਕੇ ਰਹਿ ਗਿਆ ਹੈ। ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਕਰਨ ਲਈ ਸਰਕਾਰ ਹਰ ਸਾਲ ਕਰੋੜਾਂ-ਅਰਬਾਂ ਰੁਪਏ ਖਰਚ ਕਰ ਰਹੀ ਹੈ ਪਰ ਫਿਰ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਹੋਣ ਦਾ ਨਾਮ ਨਹੀਂ ਲੈ ਰਹੀ ਹੈ। ਅੱਜ ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫੀਸਦੀ ਹੈ। ਵਿਕਸਿਤ ਦੇਸ਼ਾਂ ਦੇ ਨਾਗਰਿਕਾਂ ਦੀ 100 ਫੀਸਦੀ ਸਾਖਰਤਾ ਦਰ ਕਾਰਨ ਹੀ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਅੱਜ ਸਾਡਾ ਦੇਸ਼ ਦੁਨੀਆਂ ਦੇ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਹੋਣ ਲਈ ਜ਼ੋਰ ਲਾ ਰਿਹਾ ਹੈ ਪਰ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਕੀਤੇ ਬਿਨ੍ਹਾ ਦੇਸ਼ ਨੂੰ ਵਿਕਸਿਤ ਨਹੀਂ ਕੀਤਾ ਜਾ ਸਕਦਾ। ਅਨਪੜ੍ਹ ਬੰਦਿਆਂ ਨੂੰ ਆਪਣੇ ਲਿਖਣ ਪੜ੍ਹਨ ਦੇ ਹਰ ਕੰਮ ਲਈ ਦੂਸਰਿਆਂ ਤੇ ਨਿਰਭਰ ਰਹਿਣਾ ਪੈਂਦਾ ਹੈ। ਅਨਪੜ੍ਹ ਬੰਦਾ ਆਪਣੇ ਨਫੇ-ਨੁਕਸਾਨ ਦਾ ਹਿਸਾਬ ਨਹੀਂ ਲਗਾ ਸਕਦਾ। ਪੰਜਾਬ ਨੂੰ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫੀਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫੀਸਦੀ ਹੈ। ਪੰਜਾਬ ਦੀ 23.3 ਫੀਸਦੀ ਜਨਸੰਖਿਆ ਯਾਨੀ ਕਿ 64,55,087 ਲੋਕ ਅਜੇ ਅਨਪੜ੍ਹ ਹਨ ਜਦਕਿ ਪੂਰੇ ਦੇਸ਼ ਦੀ ਸਾਖਰਤਾ ਦਰ 74 ਫੀਸਦੀ ਹੈ। ਪੰਜਾਬ ਦੇ 7 ਜ਼ਿਲਿਆ ਦੀ ਸਾਖਰਤਾ ਦਰ 60 ਫੀਸਦੀ ਤੋਂ 70 ਫੀਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫੀਸਦੀ ਹੈ, ਅਜੀਤਗੜ੍ਹ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫੀਸਦੀ ਹੈ, ਰੂਪ-ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫੀਸਦੀ ਹੈ, ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.5 ਫੀਸਦੀ ਹੈ, ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫੀਸਦੀ ਹੈ, ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫੀਸਦੀ ਹੈ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫੀਸਦੀ ਹੈ, ਅਮ੍ਰਿੰਤਸਰ ਜ਼ਿਲ੍ਹੇ ਦੀ ਸਾਖਤਰਾ ਦਰ 77.2 ਫੀਸਦੀ ਹੈ, ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫੀਸਦੀ ਹੈ, ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਫੀਸਦੀ ਹੈ, ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫੀਸਦੀ ਹੈ, ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.9 ਫੀਸਦੀ ਹੈ, ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫੀਸਦੀ ਹੈ, ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫੀਸਦੀ ਹੈ, ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਪੰਜਾਬ ਦੇ ਮੋਜੂਦਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਅਪਣੇ ਜਿਲ੍ਹੇ ਮੁਕਤਸਰ ਸਾਹਿਬ ਦੀ ਸਾਖਰਤਾ ਦਰ ਸਿਰਫ 66.8 ਫੀਸਦੀ ਹੈ, ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਫੀਸਦੀ ਹੈ।

ਪੰਜਾਬ ਦੇ ਗੁਆਂਢੀ ਸੂਬਿਆਂ ਚੰਡੀਗੜ੍ਹ ਵਿੱਚ ਸਾਖਰਤਾ ਦਰ 86.43 ਫੀਸਦੀ ਹੈ, ਹਰਿਆਣਾ ਵਿੱਚ ਸਾਖਰਤਾ ਦਰ 76.64 ਫੀਸਦੀ ਹੈ ਹਿਮਾਚਲ ਪ੍ਰਦੇਸ਼ ਵਿੱਚ ਸਾਖਰਤਾ ਦਰ 83.78 ਫੀਸਦੀ ਹੈ, ਜੰਮੂ ਅਤੇ ਕਸ਼ਮੀਰ ਵਿੱਚ ਸਾਖਰਤਾ ਦਰ 68.74 ਫੀਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ।

ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ। ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਪਰ ਫਿਰ ਵੀ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਸਕੂਲ ਦੀਆਂ ਇਮਾਰਤਾਂ ਨਹੀਂ ਬਣਾਈਆਂ ਜਾ ਰਹੀਆਂ ਹਨ। ਬੇਸ਼ੱਕ ਸਰਕਾਰ ਵਲੋਂ ਦੇਸ ਵਿੱਚ ਅਨਪੜਤਾ ਨੂੰ ਖਤਮ ਕਰਨ ਲਈ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਹੈ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਇਸਦਾ ਅਸਰ ਕਿੰਨਾ ਹੁੰਦਾ ਹੈ ਇਹ ਤਾਂ ਸਮਾਂ ਬੀਤਣ ਤੇ ਹੀ ਚਲੇਗਾ ਪਰ ਅਜੇ ਤੱਕ ਤਾਂ ਮੁਕੰਮਲ ਸਾਖਰਤਾ ਇੱਕ ਸੁਪਨਾ ਹੀ ਬਣਿਆ ਹੋਇਆ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਥਾਪਨਾ ਦਿਵਸ ਮਨਾਇਆ ਗਿਆ
















**ਯੂਬਾ ਸਿਟੀ (ਦਿਲਵਿੰਦਰ ਰੱਲ੍ਹ)–** ਪਹਿਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸਾਂਝੀਵਾਲਤਾ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ 7 ਸਤੰਬਰ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਮਨਾਇਆ ਗਿਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਦਿਨ ਸ਼ੁੱਕਰਵਾਰ 5 ਸਤੰਬਰ ਨੂੰ ਸ਼ੁਰੂ ਕੀਤੇ ਗਏ ਅਤੇ ਐਤਵਾਰ 7 ਸਤੰਬਰ ਨੂੰ ਭੋਗ ਪਾਏ ਗਏ। ਇਸ ਮੋਕੇ ਭਾਈ ਸਾਹਿਬ ਭਾਈ ਦਲਵਿੰਦਰ ਸਿੰਘ ਜੀ ਜੋ ਗੁਰੂ ਘਰ ਦੇ ਮੁੱਖ ਗ੍ਰੰਥੀ ਹਨ, ਨੇ ਰਸਭਿੰਨਾ ਸ਼ਬਦ ਗਾਇਨ ਕੀਤਾ ਤੇ ਭਾਈ ਗੁਰਵੰਤ ਸਿੰਘ ਕਥਾਵਾਚਕ ਯੂਬਾ ਸਿਟੀ ਨੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਹਮੇਸ਼ਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਹਮੇਸ਼ਾ ਗੁਰੂ ਘਰ ਦੀ ਡਿਵੈਲਪਮੈਂਟ ਲਈ ਸੰਗਤਾਂ ਨੂੰ ਸਨਿਮਰ ਬੇਨਤੀ ਕਰਦੀ ਹੈ ਕਿ ਸਾਨੂੰ ਸਹਿਯੋਗ ਕਰੋ ਅਤੇ ਸੰਗਤਾਂ ਵੀ ਵਧਾਈ ਦੀਆਂ ਪਾਤਰ ਹਨ ਜੋ ਬੇਨਤੀ ਨੂੰ ਸੁਣਦੇ ਹੀ ਆਪਣੀ ਵਿੱਤ ਮੁਤਾਬਕ ਮਾਲੀ ਮਦਦ ਕਰਦੀਆਂ ਹਨ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੀ ਉਸ ਦਾ ਕੋਟਿਨ ਕੋਟਿ ਸਵਾਗਤ ਕਰਨਾ ਕਦੀ ਨਹੀਂ ਭੁੱਲਦੀ। ਉਹ ਚਾਹੇ ਕੋਈ ਗੁਰੂ ਘਰ ਨੂੰ ਮਾਲੀ ਮਦਦ ਦਾਨ ਵਜੋਂ ਕਰੇ ਜਾਂ ਹੋਰ ਤਰ੍ਹਾਂ ਮਦਦ ਕਰੇ, ਦਾ ਧੰਨਵਾਦ ਕਰਦੀ ਹੈ, ਜਿਹਨਾਂ ਵਿਚ ਸ੍ਰੀ ਗੁਰੂ ਰਵਿਦਾਸ ਸਭ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਅਤੇ ਐਲ. ਏ. ਮਰਚੰਡਾਇਜ਼ ਯੂਬਾ ਸਿਟੀ (ਕੈਲੇਫੋਰਨੀਆ) ਦਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਕੋਟਿਨ ਕੋਟਿ ਧੰਨਵਾਦ ਕਰਦੀ ਹੈ ਜਿਹਨਾਂ ਨੇ ਬਹੁਤ ਹੀ ਸਮੇਂ ਸਿਰ ਗੁਰੂ ਘਰ ਦੇ ਨਾਲ ਲੱਗਦੀ ਪ੍ਰਾਪਰਟੀ ਖਰੀਦਣ ਲਈ ਮਦਦ ਕੀਤੀ।

ਅੱਜ ਦੇ ਇਸ ਵਿਸ਼ੇਸ਼ ਦੀਵਾਨ ਦੀ ਸਮਾਪਤੀ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਨਾਲ ਬਹੁਤ ਹੀ ਸ਼ਰਧਾ ਨਾਲ ਜੁੜੀ ਬੀਬੀ ਗੁਰਦੇਵ ਕੌਰ ਜੀ ਨੇ ਵੀ ਪੰਜ ਸੌ ਪੱਚੀ ਡਾਲਰ ਦਾਨ ਵਜੋਂ ਭੇਂਟ ਕੀਤੇ ਤੇ ਕਮੇਟੀ ਨੇ ਬੀਬੀ ਜੀ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਭਾਈ ਕੁਲਵਿੰਦਰ ਸਿੰਘ ਦੀ ਬੇਟੀ ਪ੍ਰੀਤ ਕੌਰ ਨੂੰ ਵੀ ਸਿਰੋਪਾਓ ਨਾਲ ਸਨਮਾਨਿਤ ਕੀਤਾ, ਜਿਸ ਨੇ ਇੰਡੀਆ ਤੋਂ ਸਪੈਸ਼ਲ ਗੁਰੂ ਘਰ ਲਈ ਚੰਦੋਆ ਸਾਹਿਬ ਦੀ ਸੇਵਾ ਕੀਤੀ। ਅਖੀਰ ਭਾਈ ਗੁਰਦੇਵ ਸਿੰਘ ਕਥਾਵਾਚਕ ਜੀ ਦੀ ਲੜਕੀ ਕਮਲਜੀਤ ਕੌਰ ਤੇ ਉਹਨਾਂ ਦੇ ਪਤੀ ਸ. ਜਸਵਿੰਦਰ ਸਿੰਘ ਤੇ ਬੇਟੀ ਜਸਮੀਨ ਕੌਰ ਦਾ ਇੰਡੀਆ ਤੋਂ ਕੈਲੇਫੋਰਨੀਆ ਆਉਣ ਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਇਸ ਉਪਰੰਤ ਗੁਰੂ ਦੇ ਪ੍ਰਸਾਦ ਤੇ ਅਤੁੱਟ ਲੰਗਰ ਵਰਤਾਏ ਗਏ। ਅੱਜ ਦੀ ਸਟੇਜ ਸੇਵਾ ਸ੍ਰੀਮਾਨ ਰਾਮ ਸੇਵਕ ਭਾਟੀਆ ਜੀ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਉਂਦਿਆਂ ਸਭਨਾਂ ਦਾ ਹਾਜ਼ਰੀ ਲਗਵਾਉਣ ਤੇ ਪਿਆਰ ਦਾ ਸਬੂਤ ਦੇਣ ਤੇ ਧੰਨਵਾਦ ਕੀਤਾ।


# StopitKids Parental
## and Cyber control mobile app

### How do you keep your child and computer safe from online dangers?



* Protect your child by restricting them from accessing inappropriate websites, remotely, through mobile devices
* Protect their computer by monitoring sensitive information collection requests and inappropriate software downloads.
* Block and unblock websites, webpages or the whole browser remotely through mobile devices, in real time
* Manage the amount of time that your kids spend online
* View a website snapshot
* Get notification alerts when visiting "bad" or sensitive information collecting web sites
* Send message to the browser to remind kid to concentrate on the study etc.
* Daily report to the customer for inappropriate website usages.
* Remote deletion of the StopItKids browser extension.
* If rules and regulations allow then employers can keep watch on employees and use all above mentioned features.

**Vijay Kumar**
**Managing Director**
**859-282-1400, 859-912-0941, 603-954-3098**

H3 Technologies, LLC

**Please visit**
**www.stopitkids.com**
web site for more information including installation and usage information.





Certified Minority and women owned company

Fastest 30 growing company award from NKY Chamber
Fastest 55 growing company award from Business Courier

71 Cavalier Blvd., Suite 205, Florence, KY 41042, USA


ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ
ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਦੇ ਵੱਲੋਂ
ਇੰਟਰਨੈਸ਼ਨਲ ਕਬੱਡੀ ਕੱਪ 2014
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ
Sikh Temple, 7676 Bradshaw Road, Sacramento, 95829 ਦੀਆਂ ਖੇਡ ਗਰਾਊਂਡਾਂ ਵਿਚ
14 ਸਤੰਬਰ ਦਿਨ ਐਤਵਾਰ
ਜਿਸ ਵਿਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ।
ਸ਼ਹੀਦ ਬਾਬਾ ਦੀਪ ਸਿੰਘ ਜੀ।
SUPERSTARS
» ਬਾਸਕਟਬਾਲ ਮੈਚ ਸ਼ਨੀਵਾਰ ਅਤੇ ਐਤਵਾਰ 13 ਤੇ 14 ਸਤੰਬਰ ਨੂੰ ਹੋਣਗੇ
» ਵਾਲੀਬਾਲ ਦੇ ਮੈਚ ਐਤਵਾਰ ਨੂੰ ਹੋਣਗੇ।
ਇਨਾਮਾਂ ਦਾ ਵੇਰਵਾ ਕਬੱਡੀ ਓਪਨ
ਪਹਿਲਾ ਇਨਾਮ $ 13000
ਦੂਜਾ ਇਨਾਮ $ 12000
ਤੀਜਾ ਇਨਾਮ $ 11000
ਚੌਥਾ ਇਨਾਮ $ 10000
ਲਾਹੌਰ ਸਪੋਰਟਸ ਕਲੱਬ, ਸੈਕਰਾਮੈਂਟੋ
ਕਬੱਡੀ ਅੰਡਰ 21 ਇਨਾਮਾਂ ਦਾ ਵੇਰਵਾ
ਪਹਿਲਾ ਇਨਾਮ : ਦਵਿੰਦਰ ਸਿੰਘ ਸ਼ਾਵਰ (ਯੂਐਸ. ਟਰਾਂਸਪੋਰਟ)
ਦੂਸਰਾ ਇਨਾਮ : ਸ਼ੇਰ ਸਿੰਘ ਟਾਂਡਾ
ਵਾਲੀਬਾਲ ਇਨਾਮਾਂ ਦਾ ਵੇਰਵਾ
ਪਹਿਲਾ ਇਨਾਮ ਬਿੱਟੂ ਰੰਧਾਵਾ
ਦੂਸਰਾ ਇਨਾਮ ਗੋਲਡੀ ਲਾਲੀ
ਬਾਸਕਟਬਾਲ ਇਨਾਮਾਂ ਦਾ ਵੇਰਵਾ
ਪਹਿਲਾ ਇਨਾਮ ਸਰਦੂਲ ਸਿੰਘ ਢਿੱਲੋਂ
ਦੂਸਰਾ ਇਨਾਮ ਹਰਜੀਤ ਸਿੰਘ ਸਵੈਚ
ਸ਼ਰਤਾਂ ਤੇ ਨਿਯਮ : ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।
ਉੱਘੇ ਕਬੱਡੀ ਖਿਡਾਰੀ
ਤੀਰਥ ਸਿੰਘ ਗਾਖਲ
ਦਾ ਵਿਸ਼ੇਸ਼ ਸਨਮਾਨ ਹੋਵੇਗਾ।
ਸਹਿਯੋਗੀ ਖੇਡ ਕਲੱਬ : ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ, ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਫਰਿਜ਼ਨੋ (ਮਡੇਰਾ), ਬੇਅ ਏਰੀਆ ਸਪੋਰਟਸ ਕਲੱਬ, ਫਤਿਹ ਸਪੋਰਟਸ ਕਲੱਬ ਟਰਲਕ, ਸੈਂਟਰਲ ਵੈਲੀ ਸਪੋਰਟਸ ਕਲੱਬ, ਸੈਂਟਾ ਕਲਾਰਾ ਸਪੋਰਟਸ ਕਲੱਬ, ਗੋਲਡਨ ਸਟੇਟ ਸਪੋਰਟਸ ਕਲੱਬ, ਲਾਹੌਰ ਸਪੋਰਟਸ ਕਲੱਬ, ਸੈਕਰਾਮੈਂਟੋ
ਉਦਘਾਟਨ : ਡਾ. ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ ਅਟਵਾਲ, ਰਘਬੀਰ ਸਿੰਘ ਸ਼ੇਰਗਿਲ, ਪਾਲ ਸਹੋਤਾ, ਸੁਰਿੰਦਰ ਸਿੰਘ ਨਿੱਝਰ, ਨਾਜ਼ਰ ਸਿੰਘ ਸਹੋਤਾ, ਪ੍ਰੀਤਮ ਸਿੰਘ ਪਾਸਲਾ, ਸਤਵੰਤ ਸਿੰਘ ਸੰਘੇੜਾ, ਅਮੋਲਕ ਸਿੰਘ ਗਾਖਲ ਬਲਵੰਤ ਸਿੰਘ ਵਿਰਕ
ਕੁਮੈਂਟਰੀ : ਪ੍ਰੋ. ਮੱਖਣ ਸਿੰਘ ਹਕੀਮਪੁਰ, ਆਸ਼ਾ ਸ਼ਰਮਾ, ਇਕਬਾਲ ਗਿੱਲ (ਕਨੇਡਾ)
ਗਲੋਬਲ ਪੰਜਾਬ ਵੱਲੋਂ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ
livekabaddi.com 'ਤੇ ਸਿੱਧਾ ਪ੍ਰਸਾਰਨ ਵੇਖੋ
ਰੈਸਲਿੰਗ ਚੈਂਪਿਅਨਸ਼ਿਪ ਜਿੱਤਣ ਲਈ ਗੁਰਲੀਨ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
» ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।
» ਸਕਿਓਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ।
ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਖਾਣੇ ਦੀ ਸੇਵਾ
ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।
ਕਬੱਡੀ ਲਈ ਜਾਣਕਾਰੀ : ਰਣਧੀਰ ਸਿੰਘ ਨਿੱਜਰ, 916-416-9527, ਹੈਪੀ ਸਿੰਘ ਬਰਿਆਣਾ 916-240-4110, ਲਾਡੀ ਸਿੰਘ ਗਿੱਲ 916-717-2277
ਵਾਲੀਬਾਲ : ਬਿੱਟੂ ਰੰਧਾਵਾ 916-897-1752, ਗੋਲਡੀ ਲਾਲੀ 916-275-8825, ਗੁਰਨਾਮ ਸਿੰਘ 916-275-8666, ਨਿੰਦੀ ਬਾਂਦੀ 916-813-1442
ਬਾਸਕਿਟਬਾਲ : ਮੱਖਣ ਸਿੰਘ ਵਿਰਕ 916-996-5573, ਮਨਜੀਤ ਸਿੰਘ ਨਿੱਜਰ 916-869-4708, ਪੰਮਾ ਲਿਧੜ 916-317-3640, ਹੈਰੀ ਸੰਘਾ 209-663-3270
ਜੌਹਨ ਸਿੰਘ ਗਿੱਲ 916-715-2581
ਪ੍ਰਗਟ ਸਿੰਘ ਸੰਧੂ 209-810-5667
ਗੁਰਮੀਤ ਸਿੰਘ ਵੜੈਚ 916-240-0369
ਤਰਲੋਚਨ ਸਿੰਘ ਅਟਵਾਲ 916-416-0144
ਸੁਖਦੇਵ ਸਿੰਘ ਲੰਬੜ 916-213-9307,
ਜਸਵਿੰਦਰ ਸਿੰਘ ਸੰਘਾ 916-613-1253

# SHRI GURU RAVIDASS SABHA PITTSBURG (CA) NEW COMMITTEE




**For more information, may be contact:**

**Ramesh Suman (President) 925-366-3618, Faqira Mehmi (Chairman) 925-698-1341**

## EXECUTIVE COMMITTEE:

**Chairman:**

Faqira Mehmi

**Vice Chairman:**

Harmesh Bangar

**President:**

Ramesh Suman

1st Vice President: Som Nath Bhatia

2nd Vice President: Kulwant K Banga

General Secretary: Dilbag Singh

Assistant Secretary: Abhishek Pal

Treasurer: Narinder Chahal

1st Assistant Treasurer: Jarnail Dugh

2nd Assistant Treasurer: Jagtar Bhatia

## BOARD OF DIRECTORS

Abhishek Pal (Assistant Secretary)
Dilbag Singh (General Secretary)
Faqira Mehmi (Chairman)
Gurdev Singh Sidhu
Gurnam S. Rattu
Harmesh Bangar (Vice Chairman)
Jagtar Bhatia (2nd Assistant Treasure)
Balbir Paul Bagha
Jarnail Singh Nambardar
Karnayal Singh Narabat
Kashmir Bali
Kulwant Kaur Banga (2nd V President)
Narinder Chahal (Treasure)
Ramesh Suman (President)
Rani Narabat
Simar Kaur Singh
Som Nath Bhatia (1st Vice President)
Taro Bhatia
Vijay K. Paul

## CO OPT MEMBERS

Jarnail Dugh (1st Assistant Treasure)
Jindo C Ralh
Kalwant Kaur
Madan Banga
Harbagh Jagur

## ADVISORY COMMITTEE:

1) Balvir Chand Mal
2) Jack Ram
3) O.P. Balley
4) Sohan Singh Damria
5) Sukhraj Chopra

## LEGAL COMMITTEE

1 Ajay Paul Ram

2 Hem Raj Rattu

3) Shashi K. Paul

**2150 CRESTVIEW DRIVE PITTSBURG (CA) 94565**

# ਲੋਕ-ਰਾਜ ਦੇ ਓਹਲੇ ਹੇਠਲੇ ਰਾਜ ਲਈ ਬੱਚਿਆਂ ਨੂੰ ਸੰਬੋਧਨ ਕਰਨ ਦਾ ਸਿਲਸਿਲਾ ਵੀ ਮਾੜਾ ਨਹੀਂ



ਜਤਿੰਦਰ ਪੰਨੂ

ਇਹ ਬਹਿਸ ਸਾਡੇ ਲਈ ਕੋਈ ਖਾਸ ਅਰਥ ਨਹੀਂ ਰੱਖਦੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੱਚਿਆਂ ਨਾਲ ਉਹ ਗੱਲਬਾਤ ਕਰਨੀ ਚਾਹੀਦੀ ਸੀ ਕਿ ਨਹੀਂ, ਜਿਹੜੀ ਉਹਨਾਂ ਨੇ ਅਧਿਆਪਕ ਦਿਵਸ ਮੌਕੇ ਕੀਤੀ ਹੈ। ਨਾ ਮੋਦੀ ਪਹਿਲਾ ਵੱਡਾ ਆਦਮੀ ਹੈ, ਜਿਸ ਨੇ ਏਦਾਂ ਦੀ ਗੱਲਬਾਤ ਕੀਤੀ ਹੈ ਤੇ ਨਾ ਉਹ ਆਖਰੀ ਬੰਦਾ ਹੋ ਸਕਣਾ ਹੈ, ਕਿਉਂਕਿ ਜਿਸ ਕਿਸੇ ਨੂੰ ਵੀ ਮੌਕਾ ਮਿਲਦਾ ਹੈ, ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਏਦਾਂ ਦੇ ਕੰਮ ਕਰਨ ਲੱਗਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਬੱਚਿਆਂ ਨੂੰ ਬੜਾ ਪਿਆਰ ਕਰਦਾ ਸੀ। ਰਾਸ਼ਟਰਪਤੀ ਬਣੇ ਤੋਂ ਪਤਾ ਲੱਗਾ ਕਿ ਮਿਜ਼ਾਇਲਾਂ ਬਣਾਉਣ ਵਾਲਾ ਡਾਕਟਰ ਏ. ਪੀ. ਜੇ. ਅਬਦੁਲ ਕਲਾਮ ਵੀ ਬੱਚਿਆਂ ਨਾਲ ਗੱਲਾਂ ਕਰਨ ਦਾ ਖਾਹਿਸ਼ਮੰਦ ਸੀ। ਹੋਰਨਾਂ ਨੂੰ ਛੱਡੋ, ਪੰਜਾਬ ਪੁਲਿਸ ਦਾ ਮੁਖੀ ਹੁੰਦਿਆਂ ਕੇ ਪੀ ਐਸ ਗਿੱਲ ਵੀ ਇਕ ਦਿਨ ਸਕੂਲ ਜਾ ਵੜਿਆ ਸੀ। ਇਨ੍ਹਾਂ ਸਭ ਦਾ ਵੱਖ-ਵੱਖ ਰੰਗ ਹੁੰਦਾ ਸੀ। ਮਿਸਾਲ ਵਜੋਂ ਛੋਟੇ ਬੱਚਿਆਂ ਕੋਲ ਗਏ ਗਿੱਲ ਨੂੰ ਫਿਲਮਾਂ ਬਾਰੇ ਪੁੱਛ ਲਿਆ ਗਿਆ ਤਾਂ ਉਸ ਨੇ ਆਨੇ-ਬਹਾਨੇ ਫਿਲਮੀ ਹੀਰੋਇਨ ਸ਼੍ਰੀਦੇਵੀ ਨਾਲ ਮਿਲਣ ਦੀ ਇੱਛਾ ਜ਼ਾਹਿਰ ਕਰ ਦਿੱਤੀ। ਸ਼੍ਰੀਦੇਵੀ ਉਸ ਦੇ ਦਰਸ਼ਨ ਕਰਨ ਜਾਂ ਉਸ ਨੂੰ ਦਰਸ਼ਨ ਦੇਣ ਲਈ ਅਗਲੇ ਹਫਤੇ ਚੰਡੀਗੜ੍ਹ ਆ ਪਹੁੰਚੀ। ਅਬਦੁਲ ਕਲਾਮ ਜਦੋਂ ਬੋਲਦਾ, ਬੱਚਿਆਂ ਨੂੰ ਸੁਫਨੇ ਲੈਣ ਨੂੰ ਪ੍ਰੇਰਿਤ ਕਰਦਾ ਸੀ ਤੇ ਨਰਿੰਦਰ ਮੋਦੀ ਨੇ ਬੱਚਿਆਂ ਨੂੰ ਹੁਣ ਇਹ ਕਹਿ ਦਿੱਤਾ ਹੈ ਕਿ ਸੁਫਨੇ ਲੈਣੇ ਛੱਡ ਕੇ ਕੰਮ ਕਰਨ ਦਾ ਇਰਾਦਾ ਬਣਾਓ। ਉਂਝ ਬੱਚਿਆਂ ਲਈ ਜੋ ਸੁਨੇਹਾ ਪੰਡਤ ਜਵਾਹਰ ਲਾਲ ਨਹਿਰੂ ਨੇ ਦਿੱਤਾ ਸੀ, ਉਹ ਗਿੱਲ, ਕਲਾਮ ਅਤੇ ਮੋਦੀ ਤਿੰਨੇ ਨਹੀਂ ਦੇ ਸਕੇ, ਕਿਉਂਕਿ ਇਹਨਾਂ ਤਿੰਨਾਂ ਨੂੰ ਖੁਦ ਉਸ ਦੀ ਸਮਝ ਨਹੀਂ ਆਈ ਹੋਣੀ। 'ਪਿਤਾ ਵੱਲੋਂ ਧੀ ਵੱਲ ਚਿੱਠੀਆਂ' ਦੇ ਸਿਰਲੇਖ ਹੇਠ ਜੋ ਨਹਿਰੂ ਨੇ ਲਿਖਿਆ ਸੀ, ਉਹ ਸਿਰਫ ਨਾਂਅ ਦਾ ਪੰਡਿਤ ਨਹੀਂ, ਸੰਸਾਰ ਭਰ ਦੇ ਗਿਆਨ ਦਾ ਅਸਲੀ ਪੰਡਤ, ਵਿਦਵਾਨ, ਬੰਦਾ ਲਿਖ ਸਕਦਾ ਸੀ ਤੇ ਉਸ ਲਿਖਤ ਦਾ ਜ਼ਿਕਰ ਇਹਨਾਂ ਤਿੰਨਾਂ ਨੇ ਨਹੀਂ ਕੀਤਾ। ਨਹਿਰੂ ਨੂੰ ਪੜ੍ਹੇ ਬਿਨਾਂ ਬੱਚਿਆਂ ਨੂੰ ਮਨੁੱਖਤਾ ਦਾ ਪਿਛੋਕੜ ਦੱਸਣਾ ਜਾਂ ਭਵਿੱਖ ਦਾ ਰਾਹ ਸਮਝਣ ਵਾਲੀ ਅਕਲ ਦਾ ਪੱਲਾ ਫੜਾ ਸਕਣਾ ਸਾਨੂੰ ਬਹੁਤ ਔਖਾ ਕੰਮ ਲੱਗਦਾ ਹੈ।

ਕਿਉਂਕਿ ਮਨੁੱਖਤਾ ਦਾ ਪਿਛੋਕੜ ਸਮਝਣ ਤੇ ਭਵਿੱਖ ਦਾ ਰਾਹ ਲੱਭਣ ਦਾ ਫਾਰਮੂਲਾ ਨਹੀਂ ਦੱਸਿਆ ਜਾ ਰਿਹਾ, ਇਸ ਲਈ ਬੱਚੇ ਹੁਣ ਵਾਲੇ ਆਗੂਆਂ ਦੇ ਤਜਰਬੇ ਤੋਂ ਸਿੱਖ ਕੇ ਪੈਂਡਾ ਤਹਿ ਕਰਨ ਦਾ ਯਤਨ ਕਰ ਸਕਦੇ ਹਨ। ਸਾਡੇ ਅਜੋਕੇ ਆਗੂਆਂ ਬਾਰੇ ਇਹ ਕਹਿਣ ਵਿਚ ਸਾਨੂੰ ਹਰਜ਼ ਨਹੀਂ, ਉਹਨਾਂ ਦਾ ਕਿਰਦਾਰ ਬਰਫ ਦੇ ਗਲੇਸ਼ੀਅਰ ਵਾਂਗ ਹੁੰਦਾ ਹੈ, ਜਿਸ ਦਾ ਦਸਵਾਂ ਹਿੰਸਾ ਦਿਸਦਾ ਅਤੇ ਨੱਬੇ ਫੀਸਦੀ ਹਿੱਸਾ ਉਦੋਂ ਬਾਹਰ ਦਿਸਦਾ ਹੈ, ਜਦੋਂ ਉਹ ਰਾਜ ਗੱਦੀ ਉਤੇ ਉਠਾ ਦਿੱਤੇ ਜਾਂਦੇ ਹਨ। ਅਟਲ ਬਿਹਾਰੀ ਵਾਜਪਾਈ ਦੇ ਗੱਦੀ ਛੱਡਣ ਪਿੱਛੋਂ ਵੀ ਇਹ ਸੱਚ ਸਾਹਮਣੇ ਆਇਆ ਸੀ ਕਿ ਅਸਲ ਵਿਚ ਰਾਜ ਕੁਝ ਹਰ ਲੋਕ ਚਲਾ ਰਹੇ ਸਨ ਅਤੇ ਡਾਕਟਰ ਮਨਮੋਹਨ ਸਿੰਘ ਦਾ ਰਾਜ ਮੁੱਕਣ ਦੀ ਥਾਂ ਉਸ ਰਾਜ ਦੀ ਸ਼ਾਮ ਵੇਲੇ ਹੀ ਇਹ ਗੱਲ ਦੇਸ਼ ਦੇ ਲੋਕ ਜਾਣ ਗਏ ਸਨ ਕਿ ਉਹ ਪ੍ਰਧਾਨ ਮੰਤਰੀ ਦੀ ਸਿਰਫ ਭੂਮਿਕਾ ਨਿਭਾਅ ਰਿਹਾ ਸੀ, ਕੰਮ ਹੋਰ ਲੋਕ ਚਲਾ ਰਹੇ ਸਨ। ਜਿਹੜੇ ਹੋਰ ਲੋਕ ਪਿੱਛੇ ਬਹਿ ਕੇ ਰਾਜ ਚਲਾਉਂਦੇ ਹਨ, ਉਹ ਕਿਸੇ ਇਕ ਪਾਰਟੀ ਦੇ ਵਫਾਦਾਰ ਨਾ ਹੋ ਕੇ ਪਰਦੇ ਪਿੱਛੇ ਚੱਲਦੇ ਅਸਲੀ 'ਰਾਜ' ਦੇ ਵਫਾਦਾਰ ਹੁੰਦੇ ਹਨ ਤੇ ਇਸ ਅਸਲੀ 'ਰਾਜ' ਦਾ ਰਾਜ਼ ਆਮ ਲੋਕਾਂ ਲਈ ਲੁਕਿਆ ਰਹਿੰਦਾ ਹੈ।

ਅਸੀਂ ਇਹ ਗੱਲਾਂ ਸੁਣ ਕੇ ਅੱਕ ਚੁੱਕੇ ਹਾਂ ਕਿ ਆਜ਼ਾਦੀ ਵੇਲੇ ਪਿੰਡਾਂ ਦੇ ਰਾਹ ਕੱਚੇ ਹੁੰਦੇ ਸਨ ਤੇ ਹੁਣ ਹਰ ਥਾਂ ਪੱਕੀਆਂ ਸੜਕਾਂ ਦਾ ਜਾਲ ਵਿਛਿਆ ਪਿਆ ਹੈ। ਸਰਮਾਏਦਾਰੀ ਨੇ ਇਹ ਵਿਕਾਸ ਆਪਣੀ ਲੋੜ ਵਾਸਤੇ ਕੀਤਾ ਹੈ। ਜਦੋਂ ਅੰਗਰੇਜ਼ ਆਏ ਸਨ, ਭਾਰਤ ਵਿਚ ਰੇਲਵੇ ਲਾਈਨ ਨਹੀਂ ਸੀ ਤੇ ਉਹਨਾਂ ਨੇ ਵਿਛਾ ਦਿੱਤੀ ਤਾਂ ਭਾਰਤੀ ਲੋਕਾਂ ਲਈ ਨਹੀਂ, ਇਥੋਂ ਦੀ ਫਸਲ ਖੋਹ ਕੇ ਲਿਜਾਣ ਅਤੇ ਆਪਣੇ ਇੰਗਲੈਂਡ ਤੱਕ ਦੇ ਕਾਰਖਾਨਿਆਂ ਦਾ ਮਾਲ ਗਾਹਕਾਂ ਤੱਕ ਪਹੁੰਚਾਉਣ ਤੇ ਨਾਲ ਦੀ ਨਾਲ ਲੋੜ ਪੈਣ ਵੇਲੇ ਫੌਜਾਂ ਨੂੰ ਝਟਪਟ ਹਰ ਥਾਂ ਪਹੁੰਚਾ ਸਕਣ ਲਈ ਇਸ ਦੀ ਲੋੜ ਸੀ।ਇਸੇ ਲਈ ਉਹਨਾਂ ਵੇਲੇ ਬਣੇ ਬਹੁਤੇ ਰੇਲਵੇ ਜੰਕਸ਼ਨ ਫੌਜੀ ਛਾਉਣੀਆਂ ਦੇ ਨਾਲ ਬਣਾਏ ਗਏ ਸਨ। ਹੁਣ ਵਾਲਾ ਵਿਕਾਸ ਸਰਮਾਏਦਾਰੀ ਦੀਆਂ ਲੋੜਾਂ ਨਾਲ ਬੱਝਾ ਹੈ।

ਆਮ ਆਦਮੀ ਦੇ ਵਿਕਾਸ ਦਾ ਖਾਤਾ ਪਹਿਲਾਂ ਵਾਂਗ ਹੀ ਖਾਲੀ ਜਾਪਦਾ ਹੈ। ਸਰਮਾਏਦਾਰੀ ਦੇ ਏਜੰਟ ਬਣ ਚੁੱਕੇ ਮੰਤਰੀਆਂ ਦੇ ਤਨਖਾਹਾਂ ਤੇ ਭੱਤੇ ਲਗਾਤਾਰ ਵਧੀ ਜਾਂਦੇ ਹਨ ਤੇ ਇਹ ਸਰਬ-ਸੰਮਤੀ ਨਾਲ ਵਧਾਏ ਜਾਣ ਦਾ ਰਿਵਾਜ ਪੈ ਗਿਆ ਹੈ। ਪਰ ਚਾਲੀ ਹਜ਼ਾਰ ਤਨਖਾਹ ਵਾਲੇ ਅਧਿਆਪਕ ਦੀ ਥਾਂ ਜਿਹੜਾ ਅਧਿਆਪਕ ਅੱਠ ਹਜ਼ਾਰ ਦੀ ਤਨਖਾਹ ਨਾਲ ਠੇਕੇ ਉਤੇ ਕੰਮ ਕਰਦਾ ਹੈ, ਉਹ ਪ੍ਰਧਾਨ ਮੰਤਰੀ ਦਾ ਭਾਸ਼ਣ ਸੁਣਾਉਣ ਲਈ ਬੱਚਿਆਂ ਨੂੰ ਇਕੱਠੇ ਕਰਕੇ ਬਿਠਾਉਂਦਾ ਹੈ ਤੇ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਲਈ ਆਉਣ ਵੇਲੇ ਦੱਸੇ ਗਏ ਪਿੰਡ ਵਿਚ ਉਚੇਚ ਨਾਲ ਬੱਚਿਆਂ ਨੂੰ ਪਹੁੰਚਾਉਣ ਲਈ ਤੋਰ ਦਿੱਤਾ ਜਾਂਦਾ ਹੈ। ਇਸ ਵਿਚ ਆਮ ਲੋਕਾਂ ਦੇ ਭਲੇ ਦੀ ਗੱਲ ਕਿੱਥੇ ਹੈ?

ਜਿਹੜੀ ਗੱਲ ਬੱਚਿਆਂ ਨੂੰ ਕਿਸੇ ਨੇ ਦੱਸਣੀ ਨਹੀਂ, ਉਹ ਸਾਡੇ ਲੋਕ-ਰਾਜ ਦਾ ਉਹ ਤਜਰਬਾ ਹੈ, ਜਿਹੜਾ ਨਿੱਤ ਦਿਨ ਅਦਾਲਤਾਂ ਵਿਚ ਪੇਸ਼ ਹੁੰਦਾ ਵੇਖ ਰਹੇ ਹਾਂ। ਭਾਰਤ ਦੀ ਸਭ ਤੋਂ ਉਚੀ ਅਦਾਲਤ ਇਕੱਲੀ ਦਾ ਰੋਜ਼ਨਾਮਚਾ ਪੜ੍ਹਨ ਨਾਲ ਕਈ ਗੱਲਾਂ ਲੱਭ ਜਾਂਦੀਆਂ ਹਨ। ਕੋਲਾ ਸਕੈਂਡਲ ਦੀ ਖੱਪ ਪਈ, ਲੋਕ ਰਾਜ ਦਾ ਵੱਡਾ ਮੰਦਰ ਪਾਰਲੀਮੈਂਟ ਗਿਣੀ ਜਾਂਦੀ ਹੈ, ਪਰ ਉਹ ਕੁਝ ਨਹੀਂ ਕਰ ਸਕੀ, ਨਿਬੇੜਾ ਅਦਾਲਤ ਨੂੰ ਕਰਨਾ ਪਿਆ ਸੀ, ਜਿਸ ਨੇ ਘੁਟਾਲੇ ਦੀ ਤੰਦ ਬਹੁਤ ਹੀ ਇਮਾਨਦਾਰ ਅਖਵਾਉਂਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਫੜੀ ਤੇ ਲੀਰਾਂ ਦੇ ਖਿੱਦੋ ਫੋਲਦੀ-ਫੋਲਦੀ ਨਰਸਿਮ੍ਹਾ ਰਾਓ ਦੇ ਰਾਜ ਤੱਕ ਚਲੀ ਗਈ। ਟੈਲੀਕਾਮ ਦਾ ਟੂ-ਜੀ ਸਪੈਕਟਰਮ ਘਪਲਾ ਵੀ ਇਸੇ ਮਨਮੋਹਨ ਸਿੰਘ ਦ ਰਾਜਿਆਂ ਵਾਂਗ ਮਨ-ਆਈਆਂ ਕਰਨ ਵਾਲੇ ਮੰਤਰੀ ਏ. ਰਾਜਾ ਤੋਂ ਤੁਰਿਆ ਤ ਵਾਜਪਾਈ ਰਾਜ ਦੇ ਪ੍ਰਮੋਦ ਮਹਾਜਨ ਨੂੰ ਬੁੱਕਲ ਵਿਚ ਵਲੇਟਦਾ ਹੋਇਆ ਨਰਸਿਮ੍ਹਾ ਰਾਓ ਦੇ ਟੈਲੀਕਾਮ ਮੰਤਰੀ ਸੁਖਰਾਮ ਤੱਕ ਨੂੰ ਦਾਗੀ ਸਾਬਤ ਕਰਨ ਤੱਕ ਜਾਂਦਾ ਸੀ, ਪਰ ਇਹ ਨਿਤਾਰਾ ਅਦਾਲਤ ਨੇ ਕੀਤਾ ਸੀ। ਪਾਰਲੀਮੈਂਟ ਕਿਉਂ ਨਹੀਂ ਕਰਦੀ ਤੇ ਅਦਾਲਤ ਵਿਚ ਜਾ ਕੇ ਕਿਉਂ ਹੋ ਜਾਂਦਾ ਹੈ ਭਾਰਤ ਦੇ ਅਸਲੀ ਰਾਜ ਦਾ ਰਾਜ਼ ਇਸੇ ਚੱਕਰ ਵਿਚ ਛੁਪਿਆ ਹੈ।

ਜਦੋਂ ਐਮਰਜੈਂਸੀ ਲਾਈ ਗਈ, ਉਦੋਂ ਇਕ ਵਾਰੀ ਇਹ ਖਬਰ ਆਈ ਸੀ ਕਿ ਭਾਰਤੀ ਪਾਰਲੀਮੈਂਟ ਦੇ ਕਰੀਬ ਸੱਤਵਾਂ ਹਿੱਸਾ ਮੈਂਬਰ ਕਿਸੇ ਵਿਦੇਸ਼ੀ ਸਾਮਰਾਜੀ ਤਾਕਤ ਦੀ ਖੁਫੀਆ ਏਜੰਸੀ ਤੋਂ ਤਨਖਾਹ ਲੈਂਦੇ ਸਨ ਤੇ ਲੱਗਭੱਗ ਇੰਨੇ ਮੈਂਬਰ ਵੱਖੋ-ਵੱਖ ਭਾਰਤੀ ਸਰਮਾਏਦਾਰ ਘਰਾਣਿਆਂ ਦੇ ਤਨਖਾਹਦਾਰ ਸਨ। ਕੁਝ ਪਾਰਲੀਮੈਂਟ ਮੈਂਬਰ ਏਦਾਂ ਦਾ ਕੰਮ ਹੁਣ ਵੀ ਕਰਦੇ ਹੋ ਸਕਦੇ ਹਨ।

ਪਿਛਲੀਆਂ ਸਰਕਾਰਾਂ ਸਮੇਂ ਉਹ ਵੱਡੀਆਂ ਕਾਰਪੋਰੇਸ਼ਨਾਂ ਦੇ ਕਹੇ ਉਤੇ ਪਾਰਲੀਮੈਂਟ ਵਿਚ ਸਵਾਲ ਪੁੱਛਣ ਦਾ ਸੌਦਾ ਮਾਰਦੇ ਸਾਬਤ ਹੋ ਚੁੱਕੇ ਹਨ, ਪਰ ਭਾਰਤ ਦੇ ਲੋਕ ਰਾਜ ਦੇ ਪਿੱਛੇ ਛੁਪੇ ਅਸਲੀ 'ਰਾਜ' ਦਾ ਰਾਜ਼ ਇਹ ਹੈ ਕਿ ਲੋਕਾਂ ਨੂੰ ਇਸ ਸਕੈਂਡਲ ਦਾ ਹਸ਼ਰ ਹੁਣ ਯਾਦ ਹੀ ਨਹੀਂ। ਜਦੋਂ ਰੌਲਾ ਪਿਆ ਤਾਂ ਪਹਿਲੇ ਹੱਲੇ ਵਿਚ ਲੋਕ ਸਭਾ ਵਾਲੇ ਦਾਗੀ ਮੈਂਬਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ, ਪਰ ਜਦੋਂ ਗੱਲ ਅੱਗੇ ਵਧਦੀ ਗਈ ਤਾਂ ਉਹਨਾਂ ਦੇ ਜਿਹੜੇ ਰਾਜ ਸਭਾ ਮੈਂਬਰ ਫਸਦੇ ਸਨ, ਉਹਨਾਂ ਦੀ ਵਾਰੀ ਕਾਰਵਾਈ ਰੁਕ ਗਈ। ਲਿਹਾਜ਼ ਦਾ ਕਾਰਨ ਇਹ ਸੀ ਕਿ ਇਸ ਹਮਾਮ ਵਿਚ ਸਾਰੇ ਨੰਗੇ ਵਾਲਾ ਮੁਹਾਵਰਾ ਸੱਚਾ ਸਾਬਤ ਹੋ ਗਿਆ ਸੀ। ਜਿਹਨਾਂ ਉਤੇ ਸਜ਼ਾ ਵਾਲਾ ਕੁਹਾੜਾ ਚੱਲਿਆ ਸੀ, ਹਰ ਪਾਰਟੀ ਨੇ ਉਹਨਾਂ ਬਾਰੇ ਇਹ ਕਿਹਾ ਕਿ ਅੱਗੇ ਤੋਂ ਇਹਨਾਂ ਨੂੰ ਅਸੀਂ ਕਦੇ ਮੂੰਹ ਨਹੀਂ ਲਾਵਾਂਗੇ, ਪਰ ਉਹਨਾਂ ਵਿਚੋਂ ਇਕ ਜਣੇ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਿਮਾਚਲ ਪ੍ਰਦੇਸ਼ ਤੋਂ ਭਾਜਪਾ ਨੇ ਟਿਕਟ ਦੇ ਦਿੱਤੀ ਤੇ ਕਿਸੇ ਵੀ ਹੋਰ ਪਾਰਟੀ ਨੇ ਇਸ ਨੂੰ ਮੁੱਦਾ ਨਹੀਂ ਬਣਾਇਆ। ਬਾਕੀ ਪਾਰਟੀਆਂ ਇਸ ਲਈ ਚੁੱਪ ਹੋ ਗਈਆਂ ਕਿ ਜੇ ਭਾਜਪਾ ਦਾ ਦਾਗੀ ਪਾਰ ਲੱਗ ਗਿਆ ਤਾਂ ਅਸੀਂ ਵੀ ਆਪੋ-ਆਪਣੇ ਕਮਾਊ ਪੁੱਤਾਂ ਨੂੰ ਫਿਰ ਰਾਜਨੀਤੀ ਦੇ ਅਖਾੜੇ ਵਿਚ ਲਿਆਉਣ ਲਈ ਰਸਤਾ ਸਾਫ ਸਮਝ ਲਵਾਂਗੇ। ਹੁਣ ਇਹ ਰਸਤਾ ਖੁੱਲ੍ਹ ਗਿਆ ਹੈ।

ਲੋਕ ਰਾਜ ਵਿਚ ਲੋਕਾਂ ਦੀ ਅੱਖ ਫਿਰ ਲੋਕ-ਰਾਜ ਦਾ ਮੰਦਰ ਅਖਵਾਉ ਲੋਕ ਸਭਾ ਦੀ ਕਾਂ ਅਦਾਲਤਾਂ ਦੀ ਸਿਖਰ ਸਮਝੀ ਜਾਂਦੀ ਸੁਪਰੀਮ ਕੋਰਟ ਵੱਲ ਹੈ, ਜਿਸ ਨੇ ਦਾਗੀਆਂ ਨੂੰ ਮੰਤਰੀ ਬਣਾਏ ਜਾਣ ਨੂੰ ਗਲਤ ਕਹਿ ਦਿੱਤਾ ਹੈ, ਪਰ ਇਕ ਵੀ ਰਾਜ ਦੇ ਮੁੱਖ ਮੰਤਰੀ ਨੇ ਇਕ ਵੀ ਦਾਗੀ ਮੰਤਰੀ ਦਾ ਅਸਤੀਫਾ ਨਹੀਂ ਮੰਗਿਆ। ਬੱਚੇ ਕਈ ਵਾਰ ਬਾਪ ਦੀਆਂ ਆਦਤਾਂ ਗ੍ਰਹਿਣ ਕਰਨ ਲੱਗਦੇ ਹਨ ਤ ਰਾਜਾਂ ਦੇ ਮੁੱਖ ਮੰਤਰੀ ਵੀ ਬਹੁਤਾ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੇਖਦੇ ਹਨ। ਜਦੋਂ ਪ੍ਰਧਾਨ ਮੰਤਰੀ ਆਪਣੇ ਮੰਤਰੀ ਮੰਡਲ ਦੇ ਦਾਗੀਆਂ ਬਾਰੇ ਚੁੱਪ ਕੀਤਾ ਰਹੇ ਤਾਂ ਰਾਜਾਂ ਦੀ ਹਕੂਮਤ ਚਲਾਉਣ ਵਾਲੇ ਵੀ ਇਸ਼ਾਰਾ ਸਮਝ ਜਾਂਦੇ ਹਨ। ਇਹ ਇਸ਼ਾਰਾ ਹੁਣ ਵੀ ਹੇਠਾਂ ਤੱਕ ਪਹੁੰਚ ਗਿਆ ਹੈ। ਪ੍ਰਧਾਨ ਮੰਤਰੀ ਨੇ ਬੱਚਿਆਂ ਨਾਲ ਗੱਲਾਂ ਕੀਤੀਆਂ ਹਨ। ਉਸ ਨੂੰ ਕਰਨ ਦਾ ਹੱਕ ਹੈ ਤੇ ਉਸ ਨੇ ਇਸ ਹੱਕ ਨੂੰ ਵਰਤ ਲਿਆ ਹੈ, ਪਰ ਜਿਹੜੇ ਸਵਾਲ ਲੋਕ-ਰਾਜ ਬਾਰੇ ਕੀਤੇ ਜਾ ਸਕਦੇ ਹਨ, ਉਹ ਸਵਾਲ ਬੱਚਿਆਂ ਨੂੰ ਸੁੱਝੇ ਵੀ ਹੋਣ ਤਾਂ ਉਹ ਕਰ ਨਹੀਂ ਸਨ ਸਕਦੇ। ਬੱਚਿਆਂ ਨੂੰ ਇਹ ਗੱਲ ਪਹਿਲਾਂ ਸਮਝਾ ਦਿੱਤੀ ਜਾਂਦੀ ਹੈ। ਕਿਸੇ ਹੋਰ ਸਕੂਲ ਦਾ ਬੱਚਾ ਇਹ ਪੁੱਛ ਲੈਂਦਾ ਕਿ ਸਾਡੇ ਸਕੂਲ ਵਿਚ ਡੇਢ ਸੌ ਬੱਚੇ ਤੇ ਇਕ ਟੀਚਰ ਹੈ, ਪਰ ਨਾਲ ਦਾ ਪਿੰਡ ਮੰਤਰੀ ਦਾ ਹੋਣ ਕਰਕੇ ਉਥੇ ਸੌ ਬੱਚਿਆਂ ਲਈ ਸੋਲਾਂ ਟੀਚਰ ਕਿਉਂ ਹਨ? ਤੀਸਰਾ ਬੱਚਾ ਇਹ ਪੁੱਛਣ ਦੀ ਭੁੱਲ ਕਰ ਸਕਦਾ ਸੀ ਕਿ ਸਾਡੇ ਸਕੂਲ ਦੀ ਟੀਚਰ ਨੂੰ ਤਨਖਾਹ ਦੇਣ ਵੇਲੇ ਕੁਝ ਪੈਸੇ ਪਿੰਡ ਦਾ ਸਰਪੰਚ ਕਾਹਦੇ ਲਈ ਆਪ ਰੱਖ ਲੈਂਦਾ ਹੈ ਤੇ ਹਰ ਵਾਰੀ ਤਨਖਾਹ ਲੈਣ ਪਿੱਛੋਂ ਸਾਡੀ ਟੀਚਰ ਪੜ੍ਹਾਉਣ ਦੀ ਥਾਂ ਅੱਧਾ ਘੰਟਾ ਅੱਥਰੂ ਕਿਉਂ ਪੂੰਝਦੀ ਹੈ?

ਚੌਥਾ ਬੱਚਾ ਇਹ ਪੁੱਛ ਸਕਦਾ ਸੀ ਕਿ ਉਸ ਦੇ ਪਿੰਡ ਦੇ ਖਾਤੇ ਦਾ ਟੀਚਰ ਨਾਲ ਦੇ ਪਿੰਡ ਮੰਤਰੀ ਦੇ ਘਰ ਉਸ ਦੇ ਦਫ਼ਤਰ ਵਿਚ ਕਿਉ ਬੈਠਦਾ ਹੈ ਅਤੇ ਲੋਕ ਉਸ ਨੂੰ ਪੀ. ਏ. ਕਿਉਂ ਆਖਦੇ ਹਨ? ਕੀ ਇਹੋ ਜਿਹੇ ਸਵਾਲ ਕੀਤੇ ਜਾ ਸਕਦੇ ਹਨ ਕਿਸੇ ਪ੍ਰਧਾਨ ਮੰਤਰੀ ਨੂੰ ਅਤੇ ਕੀ ਇਹੋ ਜਿਹਾ ਸਵਾਲ ਕਰਨ ਵਾਲੇ ਬੱਚੇ ਨਾਲ ਆਏ ਟੀਚਰ ਨੂੰ ਭਾਰਤ ਦਾ ਲੋਕ-ਰਾਜ ਅਗਲੇ ਦਿਨ ਸਕੂਲ ਵਿਚ ਆਉਣ ਦੀ ਆਗਿਆ ਦੇ ਸਕਦਾ ਹੈ?

ਬੜੇ ਔਖੇ ਇਹੋ ਜਿਹੇ ਸਵਾਲਾਂ ਦੀ ਸੂਚੀ ਬੜੀ ਲੰਮੀ ਹੈ, ਜਿਸ ਨੂੰ ਛੇੜਨ ਤੋਂ ਬਿਨਾਂ ਇਹ ਵਧੀਆ ਤਰੀਕਾ ਹੈ ਕਿ ਜਿਵੇਂ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਤੋਂ ਪਿੱਛੋਂ ਵਿਧਾਇਕ ਵੀ ਸੰਗਤਾਂ ਦੇ ਦਰਸ਼ਨ ਕਰਨ ਤੁਰ ਪੈਂਦੇ ਹਨ, ਉਵੇਂ ਹੀ ਪ੍ਰਧਾਨ ਮੰਤਰੀ ਤੋਂ ਬਾਅਦ ਮੁੱਖ ਮੰਤਰੀਆਂ ਨੂੰ ਇਹ ਰਸਮ ਪੂਰੀ ਕਰਨ ਲਈ ਕਹਿ ਦਿੱਤਾ ਜਾਵੇ।

ਇਸ ਨਾਲ ਸਾਡੇ ਲੋਕਾਂ ਦਾ ਪੱਲਾ ਬਿਨਾਂ ਸ਼ੱਕ ਖਾਲੀ ਰਹਿ ਜਾਵੇ, ਲੋਕ- ਰਾਜ ਦੇ ਪਿੱਛੇ ਛੁਪੇ ਅਸਲ 'ਰਾਜ' ਦਾ ਬੁੱਤਾ ਸਰ ਜਾਵੇਗਾ। (ਧੰਨਵਾਦ ਸਹਿਤ)

# ਕਰਜ ਅਤੇ ਗਰੀਬੀ ਦੀ ਦਲ ਦਲ 'ਚ ਧੱਸੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਦੀ ਹਾਲਤ ਤਰਸਯੋਗ



## ਸਰਕਾਰ ਨੇ ਘਰ ਖਾਲੀ ਕਰਵਾਉਣ ਲਈ ਧੱਕੇਸ਼ਾਹੀ ਕੀਤੀ ਤਾਂ ਆਤਮ ਹੱਤਿਆ ਕਰਾਂਗਾ

ਸਾਲ 1992 ਤੋਂ 2002 ਤੱਕ ਪੰਜਾਬ ਵਿਧਾਨ ਸਭਾ ਵਿੱਚ ਦਲਿਤਾਂ,ਦੱਬੇ ਕੁੱਚਲੇ ਅਤੇ ਗਰੀਬ ਗੁਰਬੇ ਸਮਾਜ ਦੇ ਹੱਕਾਂ ਲਈ ਗੱਡਕੇ ਅਵਾਜ਼ ਬੁਲੰਦ ਕਰਨ ਵਾਲੇ ਸਾਬਕਾ ਵਿਧਾਇਕ ਸ਼ਿਗਾਰਾ ਰਾਮ ਸਹੂੰਗੜਾ ਦੀ ਆਰਥਿਕ ਹਾਲਤ ਐਨੀ ਪਤਲੀ ਹੋ ਗਈ ਹੈ ਕਿ ਉਸਨੂੰ ਦੋ ਵਕਤ ਦੀ ਰੋਟੀ ਦੇ ਲਾਲ੍ਹੇ ਪਏ ਹੋਏ ਹਨ। ਇਸ ਆਗੂ ਕੋਲ ਰਹਿਣ ਲਈ ਵੀ ਆਪਣਾ ਘਰ ਨਹੀਂ ਹੈ। ਪੰਜਾਬ ਸਰਕਾਰ ਸਮੇਤ ਵਿਰੋਧੀ ਤਾਕਤਾਂ ਉਸਨੂੰ ਘਰੋਂ ਬੇਘਰ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਪੰਜਾਬ ਦੇ ਆਮਦਨ ਅਤੇ ਕਰ ਵਿਭਾਗ ਵਲੋਂ ਸਰਕਾਰ ਦੀ ਸ਼ਹਿ ਤੇ ਉਸਨੂੰ ਵਿਧਾਇਕ ਵਜੋਂ ਮਿਲਣ ਵਾਲੀ ਪੈਨਸ਼ਨ ਪਿੱਛਲੇ ਤਿੰਨ ਸਾਲ ਤੋਂ ਰੋਕੀ ਹੋਈ ਹੈ। ਪਿੱਛਲੇ 22 ਸਾਲ ਤੋਂ ਨਹਿਰ ਵਿਭਾਗ ਦੇ ਰੈਸਟ ਹਾਊਸ ਵਿਚ ਰਹਿੰਦੇ ਸਹੂੰਗੜਾ ਨੂੰ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸੀਨੀਅਰ ਆਗੂ ਘਰ ਖਾਲੀ ਕਰਨ ਦਾ ਕਈ ਬਾਰ ਨੋਟਿਸ ਕੱਢ ਚੁੱਕੇ ਹਨ ਅਤੇ ਹੁਣ ਪੱਕੇ ਤੌਰ ਤੇ ਘਰ ਖਾਲੀ ਕਰਵਾਉਣ ਲਈ ਪੁਲੀਸ ਦੇ ਉਚ ਅਧਿਕਾਰੀਆਂ ਦੀ ਸਹਾਇਤਾ ਲਈ ਜਾ ਰਹੀ ਹੈ। ਉਕਤ ਸਾਬਕਾ ਵਿਧਾਇਕ ਦੀ ਜਿੱਥੇ ਸਰਕਾਰ, ਪ੍ਰਸ਼ਾਸ਼ਨ ਅਤੇ ਪੁਲੀਸ ਦੇ ਬੇਲੋੜੇ ਦਖਲ ਨੇ ਮੱਤ ਮਾਰੀ ਹੋਈ ਹੈ ਉਥੇ ਆਰਥਿਕ ਮੰਦਹਾਲੀ ਦੇ ਨਾਲ ਨਾਲ ਗੰਭੀਰ ਕਿਸਮ ਦੇ ਜਾਨਲੇਵਾ ਰੋਗ ਸ਼ੂਗਰ, ਬੀ ਪੀ ਅਤੇ ਧੋਣ ਤੇ ਵੱਡੇ ਪੱਧਰ ਤੇ ਇਕੱਠੇ ਹੋਏ ਨਾੜਾਂ ਦੇ ਗੁੱਛੇ ਅਤੇ ਦਰਦ ਕਾਰਨ ਉਸਨੂੰ ਮੰਜੇ ਦਾ ਮਰੀਜ਼ ਬਣਾ ਦਿੱਤਾ ਹੈ। ਅਤਿ ਦੀਆਂ ਦਰਦਾਂ ਕਾਰਨ ਨੀਂਦ ਨਾ ਆਉਣ ਕਾਰਨ ਉਸਦੀ ਹਾਲਤ ਨੀਮ ਪਾਗਲਾਂ ਵਰਗੀ ਬਣ ਚੁੱਕੀ ਹੈ। ਉਸਨੇ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖਕੇ ਮੰਗ ਕੀਤੀ ਹੈ ਕਿ ਉਸਦੀ ਮਾਸਿਕ ਪੈਨਸ਼ਨ ਤੇ ਲਾਈ ਗਈ ਰੋਕ ਤੁਰੰਤ ਹਟਾਈ ਜਾਵੇ ਅਤੇ ਉਸਦੇ ਪਰਿਵਾਰ ਨੂੰ ਰਹਿਣ ਲਈ ਘਰ ਦਿੱਤਾ ਜਾਵੇ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਇਥੇ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਨੇ ਦੱਸਿਆ ਕਿ ਉਹ ਬਸਪਾ ਦੀ ਪੰਜਾਬ ਵਿੱਚ ਪੂਰੀ ਚੜ੍ਹਤ ਦੇ ਸਮੇਂ ਦੌਰਾਨ ਸਾਲ 1997 ਤੋਂ 2002 ਤੱਕ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਲਗਾਤਾਰ ਵਿਧਾਇਕ ਰਹੇ ਹਨ। ਤੀਸਰੀ ਵਾਰ ਉਹ ਮਾਮੂਲੀ ਵੋਟਾਂ ਦੇ ਫਰਕ ਨਾਲ ਮੌਜੂਦਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਤੋਂ ਚੋਣ ਹਾਰ ਗਏ ਸਨ। ਉਹਨਾਂ ਦੱਸਿਆ ਕਿ ਉਹਨਾਂ ਵਿਧਾਇਕ ਹੁੰਦਿਆਂ ਹਲਕੇ ਸਮੇਤ ਪੂਰੇ ਦੇਸ਼ ਵਿੱਚ ਬਾਬੂ ਕਾਂਸ਼ੀ ਰਾਮ ਦੇ ਅੰਦੋਲਨ ਲਈ ਸਰਗਰਮੀ ਨਾਲ ਕੰਮ ਕੀਤਾ ਅਤੇ ਗਰੀਬ ਗੁਰਬੇ ਅਤੇ ਹਰ ਪੱਖ ਤੋਂ ਅੱਤਿਆਚਾਰ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਹੱਕ ਵਿੱਚ ਵਿਧਾਨ ਸਭਾ ਸਮੇਤ ਰੈਲੀਆ, ਅੰਦੋਲਨਾ ਵਿਚ ਵੱਧ ਚੜ੍ਹਕੇ ਸ਼ਾਮਿਲ ਹੋ ਕੇ ਅਵਾਜ਼ ਬੁਲੰਦ ਕੀਤੀ। ਇਸੇ ਦਰਮਿਆਨ ਉਸਦੀ ਸਿਹਤ ਖਰਾਬ ਹੋਣ ਕਾਰਨ ਉਹ ਸਰੀਰਕ ਪੱਖ ਤੋਂ ਕਮਜ਼ੋਰ ਹੋ ਗਏ ਜਿਸ ਸਦਕਾ ਉਹ ਆਪਣਾ ਘਰ ਤੱਕ ਵੀ ਖਰੀਦ ਨਹੀਂ ਸਕੇ।

ਇਥੇ ਇਹ ਜ਼ਿਕਰਯੋਗ ਹੈ ਕਿ ਸ਼ਿੰਗਾਰਾ ਰਾਮ ਸਹੂੰਗੜਾ ਪੜ੍ਹਦੇ ਸਮੇਂ ਹੀ ਬਸਪਾ ਦੇ ਸਰਗਰਮ ਆਗੂ ਬਣੇ ਅਤੇ ਬਾਬੂ ਕਾਂਸ਼ੀ ਰਾਮ ਵਲੋਂ ਉਹਨਾਂ ਨੂੰ ਸਾਲ 1992 ਵਿੱਚ ਗੜ੍ਹਸ਼ੰਕਰ ਤੋਂ ਬਸਪਾ ਵਲੋਂ ਚੋਣ ਲੜਾਈ ਗਈ ਤਾਂ ਉਹ ਵੋਟਾਂ ਦੇ ਵੱਡੇ ਫਰਕ ਨਾਲ ਕਾਂਗਰਸ ਦੇ ਪ੍ਰੋ ਕਮਲ ਸਿੰਘ ਨੂੰ ਹਰਾਕੇ ਵਿਧਾਨ ਸਭਾ ਵਿੱਚ ਪੁੱਜੇ। ਸਾਲ 2002 ਵਿੱਚ ਉਹ ਬਸਪਾ ਦੇ ਅਜਿਹੇ ਆਗੂ ਸਨ ਜੋ ਲਗਾਤਾਰ ਦੂਸਰੀ ਬਾਰ ਚੋਣ ਜਿੱਤੇ ਸਨ। ਉਹਨਾਂ ਦੂਸਰੀ ਬਾਰ ਭਾਜਪਾ ਦੇ ਅਵਿਨਾਸ਼ ਰਾਏ ਖੰਨਾ ਨੂੰ ਲੱਗਭਗ 5000 ਵੋਟਾ ਦੇ ਫਰਕ ਨਾਲ ਹਰਾਕੇ ਪੰਜਾਬ ਵਿਧਾਨ ਸਭਾ ਵਿੱਚ ਦਾਖਲ ਹੋਏ। ਸ਼ਿੰਗਾਰਾ ਰਾਮ ਸਹੂੰਗੜਾ ਦਾ ਗੜ੍ਹਸ਼ੰਕਰ ਹਲਕੇ ਸਮੇਤ ਪੰਜਾਬ ਵਿੱਚ ਪੂਰਾ ਰੋਅਬ ਹੈ। ਅਤਿ ਦਰਜੇ ਦੇ ਗਰੀਬ ਪਰਿਵਾਰ ਨਾਲ ਸਬੰਧਤ ਉਕਤ ਆਗੂ ਨੇ ਵਿਧਾਇਕ ਬਣਨ ਤੋਂ ਪਹਿਲਾਂ ਭੱਠੇ ਤੇ ਇੱਟਾਂ ਪੱਥਣ ਅਤੇ ਰਾਜ ਮਿਸਤਰੀਆਂ ਨਾਲ ਮਜ਼ਦੂਰੀ ਵੀ ਕੀਤੀ। ਜਦੋਂ ਉਹ ਪਹਿਲੀ ਬਾਰ ਵਿਧਾਇਕ ਚੁਣੇ ਗਏ ਤਾਂ ਉਸਦੇ ਪਿੰਡ ਸਹੂੰਗੜਾ ਵਿੱਚ ਉਸਦਾ ਕੱਚਾ ਘਰ ਸੀ ਜੋ ਅੱਜ ਵੀ ਹੈ। ਘਰ ਦੀ ਮਾੜੀ ਮੋਟੀ ਹਾਲਤ ਸੁਧਾਰਨ ਵਿਚ ਵੀ ਆਪਨੇ ਕੋਈ ਯੋਗਦਾਨ ਨਹੀਂ ਪਾਇਆ। ਉਕਤ ਘਰ ਅੱਜ ਵੀ ਪਹਿਲਾਂ ਵਾਲੀ ਸਥਿੱਤੀ ਵਿਚ ਹੈ। ਆਪਦੇ ਪਿਤਾ ਮਜ਼ਦੂਰੀ ਕਰਦੇ ਸਨ ਜੋ ਆਪਦੇ ਵਿਧਾਇਕ ਬਣਨ ਤੋਂ ਥੋੜ੍ਹੇ ਸਮੇਂ ਬਾਅਦ ਹੀ ਮੌਤ ਦਾ ਸ਼ਿਕਾਰ ਹੋ ਗਏ ਸਨ। ਆਪਜੀ ਦੀ ਮਾਤਾ ਦੀ 2012 ਵਿਚ ਮੌਤ ਹੋ ਗਈ। ਅੱਜ ਉਸਨੇ ਭਾਵੁਕ ਹੁੰਦਿਆਂ ਦੱਸਿਆ ਕਿ ਉਹ 22 ਸਾਲ ਤੋਂ ਗੜ੍ਹਸ਼ੰਕਰ ਵਿਖੇ ਨਹਿਰ ਵਿਭਾਗ ਦੇ ਰੈਸਟ ਹਾਊਸ ਵਿੱਚ ਪਰਿਵਾਰ ਸਮੇਤ ਰਹਿ ਰਿਹਾ ਹੈ। ਉਸਦੇ ਤਿੰਨ ਬੱਚੇ ਹਨ। ਵੱਡਾ ਲੜਕਾ ਬੀ ਏ ਕਰ ਰਿਹਾ ਹੈ ਜਦਕਿ ਦੂਸਰਾ ਨੌਵੀਂ ਅਤੇ ਲੜਕੀ ਛੇਵੀਂ ਜ਼ਮਾਤ ਵਿਚ ਪੜ੍ਹ ਰਹੀ ਹੈ।

ਉਸਨੇ ਦੱਸਿਆ ਕਿ ਆਰਥਿਕ ਤੰਗੀ ਕਾਰਨ ਉਹ 10 ਸਾਲ ਵਿਧਾਇਕ ਹੁੰਦੇ ਹੋਏ ਵੀ ਆਪਣਾ ਘਰ ਨਹੀਂ ਬਣਾ ਸਕੇ। ਉਸਨੇ ਆਪਣੀ ਸਮੁੱਚੀ ਜ਼ਿੰਦਗੀ ਗਰੀਬ ਲੋਕਾਂ ਦੀ ਸੇਵਾ ਨੂੰ ਸਮਰਪਿਤ ਕੀਤੀ ਹੋਈ ਹੈ ਇਸ ਕਰਕੇ ਉਸਨੂੰ ਆਪਣਾ ਘਰ ਨਾ ਬਣਾ ਸਕਣ ਦਾ ਕੋਈ ਗਿਲਾ ਨਹੀਂ ਹੈ। ਸਰਕਾਰ ਨੇ ਇਸ ਵਕਤ ਰੈਸਟ ਹਾਊਸ ਦਾ ਉਸ ਵਲ 35 ਲੱਖ ਕਿਰਾਇਆ ਕੱਢਿਆ ਹੈ। ਕਿਰਾਇਆ ਨਾ ਦੇਣ ਦੀ ਸੂਰਤ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦਾ ਸਮੁੱਚਾ ਪ੍ਰਸ਼ਾਸ਼ਨ ਉਸ ਕੋਲੋਂ ਹੁਣ ਪੁਲੀਸ ਦੀ ਮੱਦਦ ਨਾਲ ਘਰ ਖਾਲੀ ਕਰਵਾਉਣ ਦਾ ਦਬਾਅ ਪਾ ਰਿਹਾ ਹੈ। ਉਸਨੇ ਸਾਫ ਕਿਹਾ ਕਿ ਉਸਨੇ ਕਦੇ ਕੋਈ ਭ੍ਰਿਸ਼ਟਾਚਾਰ ਨਹੀਂ ਕੀਤਾ। ਉਹ ਮੰਨਦੇ ਹਨ ਕਿ ਉਸ ਵਲੋਂ ਰੈਸਟ ਹਾਊਸ ਤੇ ਕਬਜ਼ਾ ਕੀਤਾ ਹੈ ਪ੍ਰੰਤੂ ਸਰਕਾਰ ਉਸਨੂੰ ਇੱਕ ਘਰ ਬਣਾਕੇ ਦੇ ਦੇਵੇ ਤਾਂ ਉਹ ਉਕਤ ਰੈਸਟ ਹਾਊਸ ਛੱਡ ਦੇਣਗੇ। ਉਹਨਾਂ ਦਾ ਮੰਨਣਾ ਹੈ ਕਿ ਬਹੁਤੇ ਸੱਤਾਧਾਰੀ ਸਿਆਸੀ ਆਗੂਆਂ ਨੇ ਕਰੋੜਾ ਦੀ ਪ੍ਰਾਪਰਟੀ ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਪ੍ਰੰਤੂ ਉਸਨੇ ਤਾਂ ਸਿਰਫ ਆਪਣੇ ਪਰਿਵਾਰ ਦੇ ਰਹਿਣ ਲਈ ਇਕ ਛੋਟੇ ਜਿਹੇ ਰੈਸਟ ਹਾਊਸ ਤੇ ਕਬਜ਼ਾ ਕੀਤਾ ਹੈ। ਉਹ ਇਸਨੂੰ ਗੈਰ ਕਾਨੂੰਨੀ ਨਹੀਂ ਮੰਨਦੇ। ਉਹਨਾਂ ਦੱਸਿਆ ਕਿ ਆਮਦਨ ਵਿਭਾਗ ਵਲੋਂ ਉਸ ਵੱਲ 65 ਲੱਖ ਦਾ ਟੈਕਸ ਕੱਢਿਆ ਹੋਇਆ ਹੈ। ਟਾਟਾ ਕੰਪਨੀ ਵਲੋਂ ਜੋ ਉਸਨੂੰ ਇੱਕ ਡੀਲ ਬਦਲੇ 18 ਅਤੇ 17 ਲੱਖ ਦੇ ਚੈਕ ਦੇ ਕੇ ਪੇਮੈਂਟ ਕੀਤੀ ਸੀ ਉਸ ਕੰਪਨੀ ਦਾ ਅਦਾਲਤ ਵਿੱਚ ਕੇਸ ਚਲਦਾ ਹੋਣ ਕਰਕੇ ਸਰਕਾਰ ਨਾਲ ਡੀਲ ਹੀ ਟੁੱਟ ਗਈ ਸੀ। ਉਸਨੇ ਦੱਸਿਆ ਕਿ ਵਿਭਾਗ ਨੇ ਮਿਲੇ 35 ਲੱਖ ਰੁਪਏ ਮਗਰ ਦੁਗਣਾ ਟੈਕਸ ਪਾ ਕੇ ਉਸਦੀ ਪਿੱਛਲੇ ਤਿੰਨ ਸਾਲ ਤੋਂ ਪੈਨਸ਼ਨ ਰੋਕੀ ਹੋਈ ਹੈ ਜਿਸ ਸਦਕਾ ਉਹ ਆਰਥਿਕ ਤੌਰ ਤੇ ਐਨਾ ਕਮਜ਼ੋਰ ਹੋ ਚੁੱਕਾ ਹੈ ਕਿ ਉਸਦਾ ਸਮੁੱਚਾ ਪਰਿਵਾਰ ਪੇਟ ਭਰਵੀਂ ਰੋਟੀ ਖਾਣ ਤੋਂ ਵੀ ਅਵਾਜਾਰ ਹੈ। ਉਸਨੇ ਦੱਸਿਆ ਕਿ ਦੂਸਰੇ ਪਾਸੇ ਸ਼ੂਗਰ, ਧੋਣ ਤੇ ਨਾੜਾਂ ਦੇ ਗੁੱਛੇ ਅਤੇ ਸੋਜ ਨੇ ਉਸਦੇ ਸਰੀਰ ਨੂੰ ਕੱਖਾਂ ਨਾਲੋਂ ਹੋਲਾ ਕਰਕੇ ਰੱਖ ਦਿੱਤਾ ਹੈ। ਉਸਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਉਸਨੂੰ ਘਰ ਖਾਲੀ ਕਰਵ-ਾਉਣ ਲਈ ਹੋਰ ਤੰਗ ਪ੍ਰੇਸ਼ਾਨ ਨਾ ਕਰੇ ਨਹੀਂ ਤਾਂ ਉਹ ਗਰੀਬੀ ਤੋਂ ਤੰਗ ਹੋ ਕੇ ਆਤਮ ਹੱਤਿਆ ਹੀ ਕਰ ਲੈਣਗੇ। ਇਸ ਸਬੰਧ ਵਿੱਚ ਸੀ ਪੀ ਐਮ ਦੇ ਸੂਬਾਈ ਆਗੂ ਕਾਮਰੇਡ ਦਰਸ਼ਨ ਸਿੰਘ ਮੱਟੂ, ਜਨਵਾਦੀ ਇਸਤਰੀ ਸਭਾ ਦੀ ਜਨ ਸਕੱਤਰ ਬੀਬੀ ਸੁਭਾਸ਼ ਮੱਟੂ ਅਤੇ ਕਾਂਗਰਸੀ ਆਗੂ ਕੁਲਵਿੰਦਰ ਬਿੱਟੂਦਾ ਕਹਿਣ ਹੈ ਕਿ ਸਰਕਾਰ ਸ਼ਿੰਗਾਰਾ ਰਾਮ ਸਹੂੰਗੜਾ ਨਾਲ ਕੋਈ ਵਧੀਕੀ ਨਾ ਕਰੇ ਅਤੇ ਉਸਦੀ ਸਰਕਾਰੀ ਤੌਰ ਤੇ ਮੱਦਦ ਕਰਨ ਤੋਂ ਇਲਾਵਾ ਉਸਦੀ ਮਾਸਿਕ ਪੈਨਸ਼ਨ ਚਾਲੂ ਕਰੇ।

ਇਸ ਸਬੰਧ ਵਿੱਚ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਸਾਬਕਾ ਵਿਧਾਇਕ ਵਲੋਂ ਨਰਿਹੀ ਰੈਸਟ ਹਾਊਸ ਤੇ ਕੀਤਾ ਗਿਆ ਕਬਜ਼ਾ ਨਜਾਇਜ ਹੈ ਪ੍ਰੰਤੂ ਕੀ ਸਰਕਾਰ ਜਾਂ ਨਹਿਰ ਵਿਭਾਗ ਪਿੱਛਲੇ 22 ਸਾਲ ਤੋਂ ਸੁੱਤਾ ਪਿਆ ਹੈ ? ਉਹਨਾਂ ਦਾ ਕਹਿਣ ਹੈ ਕਿ ਸਰਕਾਰ ਨਜਾਇਜ ਕਬਜ਼ੇ ਕਰਨ ਵਾਲਿਆਂ ਵਿਰੁੱਧ ਸਰਗਰਮ ਹੈ। ਇਸਦਾ ਬਦਲਵਾਂ ਪ੍ਰਬੰਧ ਵੀ ਸਰਕਾਰ ਚਾਹੇ ਤਾਂ ਕਰ ਸਕਦੀ ਹੈ।

- ਸ਼ਿਵ ਕੁਮਾਰ ਬਾਵਾ

# ਪੰਜਾਬੀ ਬੋਲੀ ਦਾ ਜੁਝਾਰੂ ਅਤੇ ਇਨਕਲਾਬੀ ਲੋਕ ਕਵੀ-ਉਸਤਾਦ ਦਾਮਨ


ਉਜਾਗਰ ਸਿੰਘ

ਕੋਈ ਵੀ ਬੋਲੀ ਲੋਕਾਂ ਦੇ ਬੁਲਾਂ ਤੇ ਜਿਓਂਦੀ ਹੈ। ਲੋਕਾਂ ਦਾ ਪਿਆਰ ਹੀ ਉਸ ਬੋਲੀ ਨੂੰ ਜ਼ਿੰਦਾ ਰਖਦਾ ਹੈ। ਸਾਹਿਤਕਾਰ ਤੇ ਖਾਸ ਤੌਰ ਤੇ ਸ਼ਾਇਰ ਤਾਂ ਹੀ ਲੋਕਾਂ ਵਿਚ ਮਕਬੂਲ ਹੁੰਦਾ ਹੈ ਜੇਕਰ ਉਹ ਲੋਕਾਂ ਦੇ ਮੂੰਹ ਤੇ ਚੜ੍ਹਨ ਵਾਲੀ ਸਰਲ ਬੋਲੀ ਵੀ ਵਰਤੋਂ ਕਰੇਗਾ। ਸਟੇਜੀ ਕਵੀ ਵੀ ਉਹ ਹੀ ਹਰਮਨ ਪਿਆਰਾ ਹੁੰਦਾ ਹੈ ਜਿਹੜਾ ਸ਼ਬਦਾਂ ਦੀ ਜਾਦੂਗਿਰੀ ਦਾ ਮਾਹਿਰ ਹੋਵੇ। ਅਜਿਹਾ ਹੀ ਸਾਂਝੇ ਪੰਜਾਬ ਦੇ ਪੰਜਾਬੀ ਦਾ ਲੋਕ ਕਵੀ ਉਸਤਾਦ ਦਾਮਨ ਵਿਲੱਖਣ ਸ਼ਖਸੀਅਤ ਦਾ ਮਾਲਕ ਸੀ। ਪੰਜਾਬੀ ਬੋਲੀ ਦੇ ਨਾਲ ਉਸਨੂੰ ਅਥਾਹ ਪਿਆਰ ਅਤੇ ਸਤਿਕਾਰ ਸੀ। ਉਹ ਦੇਸ ਭਗਤੀ ਦੀਆਂ ਕਵਿਤਾਵਾਂ ਲਿਖਦਾ ਸੀ । ਗ਼ੁਲਾਮ ਦੇਸ ਵਿਚ ਇਨਕਲਾਬੀ ਕਵਿਤਾ ਲਿਖਣਾ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ। ਉਹ ਆਜਾਦੀ ਦੇ ਅੰਦੋਲਨ ਸੰਬੰਧੀ ਹੋਣ ਵਾਲੀਆਂ ਕਾਨਫਰੰਸਾਂ ਦਾ ਸ਼ਿੰਗਾਰ ਹੁੰਦਾ ਸੀ। ਭਾਰਤ ਦੀ ਵੰਡ ਹੋਣ ਸਮੇਂ ਪੰਜਾਬ ਵੀ ਦੋ ਭਾਗਾਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਵੰਡਿਆ ਗਿਆ। ਭੂਗੋਲਿਕ ਵੰਡ ਪੰਜਾਬੀਆਂ ਦੀ ਵਿਰਾਸਤ ਬੋਲੀ-ਪਹਿਰਾਵਾ-ਰਸਮੋ ਰਿਵਾਜ-ਹਵਾ-ਸਭਿਅਤਾ ਅਤੇ ਸਭਿਆਚਾਰ ਦੀਆਂ ਵੰਡੀਆਂ ਨਾ ਪਾ ਸਕੀ। ਪੰਜਾਬੀ ਭਾਵੇਂ ਦੋ ਖਿਤਿਆਂ ਵਿਚ ਵੰਡੇ ਜਾ ਚੁੱਕੇ ਸਨ ਪ੍ਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਆਪਣੀ ਮਾਤਭੂਮੀ ਲਈ ਭੱਟਕ ਰਹੀਆਂ ਸਨ। ਉਹ ਮਾਨਸਿਕ ਅਤੇ ਆਤਮਿਕ ਤੌਰ ਤੇ ਮਾਖਿਓਂ ਮਿੱਠੀ ਪੰਜਾਬੀ ਭਾਸ਼ਾ ਨਾਲ ਓਤਪੋਤ ਸਨ। ਪੰਜਾਬੀ ਦੇ ਸ਼ਾਇਰਾਂ ਖਾਸ ਤੌਰ ਤੇ ਲੋਕ ਕਵੀਆਂ ਨੂੰ ਆਪਣੀ ਮਿੱਟੀ ਦਾ ਮੋਹ ਤੜਪਾ ਰਿਹਾ ਸੀ। ਮਜਬੂਰੀ ਵੱਸ ਉਨ੍ਹਾਂ ਨੂੰ ਆਪਣੀ ਧਰਤੀ ਮਾਤਾ ਨੂੰ ਅਲਵਿਦਾ ਕਹਿਣਾ ਪਿਆ ਸੀ। ਲਹਿੰਦੇ ਪੰਜਾਬ ਦੇ ਲੋਕ ਕਵੀਆਂ ਵਿਚੋਂ ਚਿਰਾਗ ਦੀਨ ਦਾਮਨ ਜੋ ਉਸਤਾਦ ਦਾਮਨ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ-ਉਹ ਪੰਜਾਬ ਦੀ ਵੰਡ ਨੂੰ ਮਾਨਸਿਕ ਤੌਰ ਤੇ ਭੁਲਾ ਨਾ ਸਕਿਆ।

ਦੇਸ ਦੀ ਵੰਡ ਦੀ ਚੀਸ ਹਮੇਸਾ ਉਸਨੂੰ ਰੜਕਦੀ ਰਹੀ ਅਤੇ ਇਹ ਚੀਸ ਉਸਦੀਆਂ ਕਵਿਤਾਵਾਂ ਦਾ ਵਿਸ਼ਾ ਰਹੀ। ਇਸ ਕਰਕੇ ਉਹ ਦੇਸ ਦੀ ਵੰਡ ਤੋਂ ਬਾਅਦ ਵੀ ਭਾਰਤ ਵਿਚ ਹੋਣ ਵਾਲੇ ਕਵੀ ਦਰਬਾਰਾਂ ਦੀ ਰੌਣਕ ਵਧਾਉਂਦਾ ਰਿਹਾ। ਜਿਸਮਾਨੀ ਤੌਰ ਤੇ ਭਾਵੇਂ ਉਹ ਪਾਕਿਸਤਾਨ ਵਿਚ ਰਹਿ ਰਿਹਾ ਸੀ ਪ੍ਰੰਤੂ ਭਾਵਨਾਤਮਿਕ ਤੌਰ ਤੇ ਉਹ ਚੜ੍ਹਦੇ ਪੰਜਾਬ-ਪੰਜਾਬੀ ਅਤੇ ਪੰਜਾਬੀਅਤ ਨਾਲ ਗੜੂੰਦ ਸੀ। ਦੇਸ ਦੀ ਵੰਡ ਸੰਬੰਧੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਦੋ ਪੰਜਾਬੀ ਦੇ ਸ਼ਾਇਰਾਂ ਅੰਮ੍ਰਿਤਾ ਪ੍ਰੀਤਮ ਅਤੇ ਚਿਰਾਗ ਦੀਨ ਦਾਮਨ ਨੇ ਬੜੀਆਂ ਹੀ ਦਿਲ ਨੂੰ ਟੁੰਬਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ ਜਿਹੜੀਆਂ ਰਹਿੰਦੀ ਦੁਨੀਆਂ ਤੱਕ ਤਰੋ ਤਾਜਾ ਰਹਿਣਗੀਆਂ। ਭਾਰਤ ਦੀ ਵੰਡ ਦੇ ਦੁਖਾਂਤ ਨੂੰ ਅੰਮ੍ਰਿਤਾ ਪ੍ਰੀਤਮ ਨੇ ਬੜੇ ਹੀ ਖ਼ੂਬਸੂਰਤ ਸ਼ਬਦਾਂ ਵਿਚ ਅੰਕਿਤ ਕਰਕੇ ਪੰਜਾਬੀਆਂ ਦੇ ਦਿਲਾਂ ਨੂੰ ਤੜਪਾ ਦਿੱਤਾ ਸੀ। ਇਸੇ ਤਰ੍ਹਾਂ ਉਸਤਾਦ ਦਾਮਨ ਨੇ ਵੀ ਇਸ ਵੰਡ ਦੇ ਦਰਦ ਨੂੰ ਆਪਣੇ ਅੰਦਾਜ ਵਿਚ ਲਾਲ ਕਿਲ੍ਹੇ ਦਿੱਲੀ ਵਿਚ ਹੋਏ ਇੱਕ ਕਵੀ ਦਰਬਾਰ ਵਿਚ ਆਪਣੀ ਕਵਿਤਾ ਪੜ੍ਹੀ ਉਥੇ ਹਾਜਰ ਭਾਰਤ ਦੇ ਰਾਸਟਰਪਤੀ ਬਾਬੂ ਰਾਜਿੰਦਰ ਪ੍ਰਸ਼ਾਦ ਅਤੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਹਾਜਰ ਸਨ। ਪੰਡਤ ਜਵਾਹਰ ਲਾਲ ਨਹਿਰੂ ਜਿਸ ਕਵਿਤਾ ਨੇ ਰੁਆ ਦਿੱਤਾ ਸੀ। ਉਸ ਦੀ ਕਵਿਤਾ ਦੇ ਬੋਲ ਇਹ ਹਨ-

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀਂ-ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।
ਇਹਨਾਂ ਆਜਾਦੀਆਂ ਹੱਥੋਂ ਬਰਬਾਦ ਹੋਏ-ਤੁਸੀਂ ਵੀ ਓ ਹੋਏ ਅਸੀਂ ਵੀ ਆਂ।
ਕੁਝ ਉਮੀਦ ਏ ਜਿੰਦਗੀ ਮਿਲ ਜਾਵੇਗੀ-ਮੋਏ ਤੁਸੀਂ ਵੀ ਓ ਮੋਏ ਅਸੀ ਂ ਵੀ ਆਂ।
ਜਿਓਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ-ਢੋਏ ਤੁਸੀਂ ਵੀ ਓ ਢੋਏ ਅਸੀਂ ਵੀ ਆਂ।
ਜਾਗਣੇ ਵਾਲਿਆਂ ਰੱਜ ਕੇ ਲੁੱਟਿਆ ਏ-ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ-ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਇਹ ਕਵਿਤਾ ਸੁਣ ਕੇ ਪੰਡਤ ਜਵਾਹਰ ਲਾਲ ਨਹਿਰੂ ਨੇ ਉਸਤਾਦ ਦਾਮਨ ਨੂੰ ਉਠ ਕੇ ਜੱਫੀ ਵਿਚ ਲੈ ਲਿਆ ਅਤੇ ਉਸਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪ੍ਰੰਤੂ ਉਸਤਾਦ ਦਾਮਨ ਨੇ ਕਿਹਾ ਕਿ ਉਹ ਰਹੇਗਾ ਤਾਂ ਪਾਕਿਸਤਾਨ ਵਿਚ ਹੀ ਭਾਵੇਂ ਜੇਲ੍ਹ ਵਿਚ ਹੀ ਰਹਿਣਾ ਪਵੇ। ਪਾਕਿਸਤਾਨ ਵਿਚ ਉਸਨੂੰ ਪੰਜਾਬੀ ਭਾਸ਼ਾ ਵਿਚ ਕਵਿਤਾ ਲਿਖਣ ਤੋਂ ਵਰਜਿਆ ਜਾਂਦਾ ਰਿਹਾ ਪ੍ਰੰਤੂ ਉਹ ਆਪਣੀ ਵਿਰਾਸਤ ਨਾਲੋਂ ਟੁੱਟਣ ਨੂੰ ਆਪਣੀ ਆਤਮਕ ਮੌਤ ਮਹਿਸੂਸ ਕਰਦਾ ਸੀ। ਇਸ ਕਰਕੇ ਹੀ ਉਹ ਪਾਕਿਸਤਾਨ ਵਿਚ ਬੈਠਾ ਵੀ ਪੰਜਾਬੀ ਭਾਸ਼ਾ ਦੇ ਸੋਹਲੇ ਗਾਉਂਦਾ ਰਿਹਾ-ਭਾਵੇਂ ਉਸ ਨੂੰ ਇਸ ਦੇ ਇਵਜਾਨੇ ਵਜੋਂ ਮਜ਼੍ਹਬੀ ਜਨੂੰਨ ਦਾ ਸਾਹਮਣਾ ਕਰਨਾ ਪਿਆ। ਉਸਦਾ ਘਰ ਅਗਨੀ ਭੇਂਟ ਕਰ ਦਿੱਤਾ ਗਿਆ ਜਿਸਤੋਂ ਬਾਅਦ ਉਹ ਸਾਰੀ ਉਮਰ ਮਸੀਤ ਦੇ ਇੱਕ ਅੱਠ ਬਾਈ ਅੱਠ ਦੇ ਛੋਟੇ ਜਿਹੇ ਕਮਰੇ ਵਿਚ ਆਪਣਾ ਜੀਵਨ ਬਸਰ ਕਰਦਾ ਰਿਹਾ ਜਿਸ ਵਿਚ ਨਾ ਕੋਈ ਰੋਸਨਦਾਨ ਅਤੇ ਨਾ ਹੀ ਤਾਕੀ ਸੀ ਪ੍ਰੰਤੂ ਪੰਜਾਬੀ ਵਿਚ ਕਵਿਤਾ ਲਿਖਣੋਂ ਕਦੀਂ ਵੀ ਨਾ ਹਟਿਆ। ਜਦੋਂ ਫਿਰਕਾਪ੍ਰਸਤਾਂ ਨੇ ਉਸਨੂੰ ਵਾਰ-ਵਾਰ ਪੰਜਾਬੀ ਵਿਚ ਕਵਿਤਾ ਲਿਖਣ ਤੋਂ ਵਰਜਿਆ ਗਿਆ ਤਾਂ ਉਹ ਡਰਿਆ ਨਹੀਂ ਸਗੋਂ ਉਸਨੇ ਲਿਖਿਆ ਕਿ----



ਇਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ-ਉਰਦੂ ਵਿਚ ਕਿਤਾਬਾਂ ਦੇ ਠੱਣਦੀ ਰਹੇਗੀ।
ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਣਾ-ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।
ਇਹਦੇ ਲੱਖ ਹਰੀਫ ਪਏ ਹੋਣ ਪੈਦਾ-ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਤੇ ਪੰਜਾਬੀ ਨਹੀਂ ਮਰਦੀ-ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਪਾਕਿਸਤਾਨ ਵਿਚ ਬੈਠਾ ਉਸਤਾਦ ਦਾਮਨ ਪੰਜਾਬੀ ਭਾਸ਼ਾ ਦੀ ਸੇਵਾ ਕਰਦਾ ਰਿਹਾ। ਪੰਜਾਬੀ ਦਾ ਉਹ ਨਿਧੜਕ ਜਰਨੈਲ ਲੋਕ ਕਵੀ ਸੀ ਜਿਸਨੇ ਤਾਹਨੇ ਮਿਹਣੇ ਸਹਿੰਦਿਆਂ ਪੰਜਾਬੀ ਵਿਚ ਕਵਿਤਾ ਲਿਖਣੋਂ ਗੁਰੇਜ ਨਹੀਂ ਕੀਤਾ। ਹਾਲਾਂਕਿ ਉਸਨੂੰ ਪਤਾ ਸੀ ਕਿ ਕਿਸੇ ਵੀ ਸਮੇਂ ਉਸਨੂੰ ਸਰੀਰਕ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਅੱਜ ਅਗਲੇ ਪੰਜਾਹ ਸਾਲਾਂ ਵਿਚ ਪੰਜਾਬੀ ਜ਼ੁਬਾਨ ਦੇ ਖਤਮ ਹੋਣ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ। ਜੇਕਰ ਉਸਤਾਦ ਦਾਮਨ ਵਰਗੇ ਸਿਰੜ੍ਹੀ ਪੰਜਾਬੀ ਭਾਸ਼ਾ ਤੇ ਪਹਿਰਾ ਦਿੰਦੇ ਰਹਿਣਗੇ ਤਾਂ ਇਹ ਬੋਲੀ ਕਦੀਂ ਵੀ ਖਤਮ ਨਹੀਂ ਹੋ ਸਕਦੀ । ਇਹ ਸਾਰਾ ਕੁਝ ਪੰਜਾਬੀਆਂ ਤੇ ਹੀ ਨਿਰਭਰ ਕਰਦਾ ਹੈ। ਪੰਜਾਬੀ ਭਾਸ਼ਾ ਤੋਂ ਕੰਨੀ ਕਤਰਾਉਣ ਵਾਲੇ ਲੇਖਕਾਂ ਅਤੇ ਬੁਧੀਜੀਵੀਆਂ ਨੂੰ ਉਸਤਾਦ ਦਾਮਨ ਤੋਂ ਸੇਧ ਲੈ ਕੇ ਪੰਜਾਬੀ ਭਾਸ਼ਾ ਤੋਂ ਮੁਨਕਰ ਹੋਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਵਿਦਵਾਨੀ ਦੇ ਨਾਂ ਹੇਠ ਗੂੜ੍ਹੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ ਜਿਹੜੀ ਲੋਕਾਂ ਦੇ ਸਮਝ ਵਿਚ ਹੀ ਨਾ ਆ ਸਕੇ। ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਹੜੀ ਸੌਖਿਆਂ ਹੀ ਲੋਕਾਂ ਦੇ ਪੱਲੇ ਪੈ ਜਾਵੇ ਅਤੇ ਉਸਦੀ ਸਾਰਥਿਕਤਾ ਦਾ ਪਤਾ ਲੱਗੇ। ਵੇਖੋ ਸਬਜੀ ਦੀ ਸਫਾਈ ਰੱਖਣ ਬਾਰੇ ਉਸਤਾਦ ਦਾਮਨ ਕਿੰਨੀ ਸਰਲ ਸ਼ਬਦਾਵਲੀ ਵਰਤਦਾ ਹੈ-

ਸਬਜੀ ਲਿਆਓ ਭੱਜ ਕੇ-ਖਾਓ ਸਾਰੇ ਰੱਜ ਕੇ-ਬਾਕੀ ਰੱਖੋ ਕੱਜ ਕੇ।

ਕਵਿਤਾ ਪੜ੍ਹਨ ਤੇ ਇਓਂ ਲਗਦਾ ਹੈ ਕਿ ਜਿਵੇਂ ਹਲਕੀ ਫੁਲਕੀ ਜਿਹੀ ਹੈ ਪ੍ਰੰਤੂ ਨੀਝ ਲਾ ਕੇ ਸਮਝੋ ਕਿ ਸਰਲ ਸ਼ਬਦਾਂ ਵਿਚ ਕਿਤਨੀ ਵੱਡੀ ਗੱਲ ਕਰ ਗਿਆ ਹੈ। ਜਦੋਂ ਵਾਰ ਵਾਰ ਉਸ ਉਪਰ ਦਬਾਅ ਪਾਇਆ ਗਿਆ ਕਿ ਮੁਸਲਮਾਨ ਹੋਣ ਅਤੇ ਪਾਕਿਸਤਾਨ ਵਿਚ ਰਹਿਣ ਕਰਕੇ ਉਸਨੂੰ ਪੰਜਾਬੀ ਦੀ ਥਾਂ ਉਰਦੂ ਵਿਚ ਆਪਣੀਆਂ ਨਜਮਾਂ ਲਿਖਣੀਆਂ ਚਾਹੀਦੀਆਂ ਹਨ ਤਾਂ ਉਸਨੇ ਕਵਿਤਾ ਵਿਚ ਹੀ ਉਨ੍ਹਾਂ ਨੂੰ ਜਵਾਬ ਦਿੰਦਿਆਂ ਲਿਖਿਆ-

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਾਹੀਂ ਅੰਗਰੇਜੀ ਦਾ
ਪੁਛਦੇ ਹੋ ਮੇਰੇ ਦਿਲ ਦੀ ਬੋਲੀ-ਹਾਂ ਜੀ ਹਾਂ ਪੰਜਾਬੀ ਏ

ਚਿਰਾਗ ਦੀਨ ਦਾਮਨ ਦਾ ਜਨਮ 3 ਸਤੰਬਰ 1911 ਨੂੰ ਲਾਹੌਰ ਵਿਚ ਕਰੀਮ ਬੀਬੀ ਦੀ ਕੁੱਖੋਂ ਮੀਆਂ ਮੀਰ ਬਖਸ ਦੇ ਘਰ ਹੋਇਆ ਸੀ। ਆਪਦਾ ਦਾ ਪਿਤਾ ਫੌਜ ਦੇ ਦਰਜੀਖਾਨੇ ਵਿਚ ਕਪੜੇ ਸਿਉਣ ਦਾ ਕੰਮ ਕਰਦਾ ਸੀ ਪ੍ਰੰਤੂ ਚਿਰਾਗ ਦੀਨ ਦਾਮਨ ਵੱਲੋਂ ਇਨਕਲਾਬੀ ਅਤੇ ਫੌਜੀ ਰਾਜ ਵਿਰੁਧ ਕਵਿਤਾਵਾਂ ਲਿਖਣ ਕਰਕੇ ਉਸ ਦੇ ਪਿਤਾ ਨੂੰ ਫੌਜ ਦੀ ਨੌਕਰੀ ਤੋਂ ਹੱਥ ਧੋਣੇ ਪਏ। ਫਿਰ ਆਪਨੇ ਆਪਣੇ ਪਿਤਾ ਨਾਲ ਰਲਕੇ ਦਰਜੀ ਦੀ ਦੁਕਾਨ ਕਰ ਲਈ ਜਿਸਨੂੰ ਵੀ ਮਜ਼੍ਹਬੀ ਜਨੂੰਨੀਆਂ ਨੇ ਅੱਗ ਲਗਾਕੇ ਸਾੜ ਦਿੱਤਾ। ਫਿਰ ਵੀ ਦਾਮਨ ਨੇ ਕਿਸੇ ਨੂੰ ਚੰਗਾ ਮਾੜਾ ਚੰਗਾ ਨਹੀਂ ਕਿਹਾ ਸਗੋਂ ਲਿਖਿਆ-

ਕਿਸੇ ਤੀਲ੍ਹੀ ਐਸੀ ਲਗਾਈ ਏ-
ਥਾਂ ਥਾਂ ਤੇ ਅੱਗ ਮਚਾਈ ਏ।
ਪਈ ਸੜਦੀ ਲੋਕਾਈ ਏ-
ਤੇ ਪੈਂਦੀ ਹਾਲ ਦੁਹਾਈ ਏ।

ਦਾਮਨ ਦੀ ਮਾਂ ਨੇ ਲੋਕਾਂ ਦੇ ਭਾਂਡੇ ਮਾਂਜਕੇ ਪਰਵਾਰ ਦਾ ਗੁਜਾਰਾ ਕੀਤਾ। ਤੰਗੀਆਂ ਤਰੁਸ਼ੀਆਂ ਦਾ ਜੀਵਨ ਵੀ ਆਪਨੂੰ ਪੰਜਾਬੀ ਵਿਚ ਕਵਿਤਾ ਲਿਖਣ ਤੋਂ ਰੋਕ ਨਹੀਂ ਸਕਿਆ। ਫਿਰ ਉਹ ਲਿਖਦਾ ਹੈ ਕਿ-

ਮੈਨੂੰ ਕਈਆਂ ਨੇ ਆਖਿਆ ਕਈ ਵਾਰ-
ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ
ਗੋਦੀ ਜਿਹਦੀ ਵਿਚ ਪਲਕੇ ਜਵਾਨ ਹੋਇਆਂ-
ਉਹ ਮਾਂ ਛੱਡਦੇ ਤੇ ਗਰਾਂ ਛੱਡਦੇ
ਜੇ ਪੰਜਾਬੀ ਪੰਜਾਬੀ ਈ ਕੂਕਣਾ ਏ-
ਜਿਥੇ ਖਲੋਤਾ ਏਂ ਥਾਂ ਛੱਡਦੇ
ਮੈਨੂੰ ਇੰਜ ਲੱਗਦੈ ਲੋਕੀ ਆਖਦੇ ਨੇ-
ਤੂੰ ਪੁੱਤਰਾ ਆਪਣੀ ਮਾਂ ਛੱਡਦੇ

ਉਸਤਾਦ ਦਾਮਨ ਨੇ ਸਾਰੀ ਉਮਰ ਅਣਖ ਨਾਲ ਸ਼ਾਇਰੀ ਕੀਤੀ। ਉਹ ਜਿਮਾਨੀ ਤੌਰ ਤੇ ਰੋਹਬ ਦਾਬ ਵਾਲਾ ਪਹਿਲਵਾਨੀ ਦਿਖ ਵਾਲਾ ਸ਼ਾਇਰ ਸੀ । ਸਰਕਾਰਾਂ ਦੇ ਦਮਨ ਦਾ ਸ਼ਿਕਾਰ ਵੀ ਹੋਇਆ। ਇਨਕਲਾਬੀ ਕਵਿਤਾ ਸਮਾਜਿਕ ਬੁਰਾਈਆਂ ਅਤੇ ਆਮ ਜਨਤਾ ਉਪਰ ਸਰਕਾਰ ਵਲੋਂ ਕੀਤੇ ਜਾਂਦੇ ਜੋਰ ਜਬਰਦਸਤੀ ਦੀਆਂ ਕਾਰਵਾਈਆਂ ਵਿਰੁਧ ਲਿਖਣ ਕਰਕੇ ਆਪ ਉਪਰ ਕਈ ਕੇਸ ਦਰਜ ਕਰਕੇ ਜੇਲ੍ਹ ਵਿਚ ਬੰਦ ਰੱਖਿਆ ਗਿਆ ਪ੍ਰੰਤੂ ਆਪਨੇ ਸਰਕਾਰਾਂ ਨਾਲ ਆਢ੍ਹਾ ਲਾਈ ਰੱਖਿਆ। ਸਰਕਾਰਾਂ ਦੀਆਂ ਜੋਰ ਜਬਰਦਸਤੀ ਦੀਆਂ ਕਾਰਵਾਈਆਂ ਦੇ ਉਹ ਆਪਣੀਆਂ ਕਵਿਤਾਵਾਂ ਵਿਚ ਬਖੀਏ ਉਧੇੜ ਦਿੰਦਾ ਸੀ। ਫੌਜੀ ਰਾਜ ਤੋਂ ਵੀ ਉਹ ਡਰਿਆ ਨਹੀਂ ਸਗੋਂ ਉਸਨੇ ਫੌਜੀ ਰਾਜ ਤੇ ਟਕੋਰ ਕਰਦਿਆਂ ਅਰਥ ਭਰਪੂਰ ਕਵਿਤਾ ਲਿਖੀ-

ਸਾਡੇ ਮੁਲਕ ਦੀਆਂ ਮੌਜਾਂ ਹੀ ਮੌਜਾਂ-
ਜਿਧਰ ਦੇਖੋ ਫੌਜਾਂ ਹੀ ਫੌਜਾਂ।
ਇਹ ਕੀ ਕਰੀ ਜਾਨਾ-
ਕਦੀ ਚੀਨ ਜਾਨਾ ਕਦੀ ਰੂਸ ਜਾਨਾ।
ਦੀ ਸਿਮਲੇ ਜਾਨਾ ਕਦੀ ਮਰੀ ਜਾਨਾ-
ਜਿਧਰ ਜਾਨਾ ਬਣਕੇ ਜਲੂਸ ਜਾਨਾ।
ਲਈ ਖੇਸ ਜਾਨਾ ਖਿੱਚੀ ਦਰੀ ਜਾਨਾ-
ਇਹ ਕੀ ਕਰੀ ਜਾਨਾ।

ਨੌਂ ਜ ਵਾ ਨ ਪੀੜ੍ਹੀ ਤੇ ਕਟਾਖਸ ਕਰਨ ਲੱਗਿਆਂ ਵੀ ਕਮਾਲ ਦੀਆਂ ਪੰਜਾਬੀ ਦੀਆਂ ਠੇਠ ਤਸ਼ਬੀਹਾਂ ਆਪਣੀਆਂ ਕਵਿਤਾਵਾਂ ਵਿਚ ਦਿੰਦਾ ਸੀ ਜਿਹੜੀਆਂ ਅੱਜ ਵੀ ਸੱਤਰ ਸਾਲ ਬਾਅਦ ਢੁਕਦੀਆਂ ਹਨ ਉਹ ਲਿਖਦਾ ਹੈ-

ਇਹ ਕਾਲਜ ਏ ਕਿ ਫੈਸਨ ਦੀ ਫੈਕਟਰੀ ਏ-
ਕੁੜੀਆਂ ਮੁੰਡਿਆਂ ਨਾਲ ਇੰਜ ਫਿਰਨ-
ਜਿਵੇਂ ਅਲਜਬਰੇ ਨਾਲ ਜੁਮੈਟਰੀ ਏ।

ਉਸਤਾਦ ਦਾਮਨ ਆਪਣੀ ਜਿੰਦਗੀ ਦਾ ਬਹੁਤਾ ਸਮਾਂ ਆਪਣੀਆਂ ਇਨਕਲਾਬੀ ਕਵਿਤਾਵਾਂ ਕਰਕੇ ਜੇਲ੍ਹ ਵਿਚ ਹੀ ਰਿਹਾ ਹੈ। ਉਹ ਇਹ ਵੀ ਆਮ ਕਹਿੰਦਾ ਸੀ ਕਿ ਉਸਦਾ ਕਮਰਾ ਹੀ ਬਹੁਤ ਛੋਟਾ ਸੀ ਜਿਸ ਕਰਕੇ ਮੇਰੇ ਉਪਰ ਬੰਬ ਰੱਖਣ ਦੇ ਕੇਸ ਬਣਦੇ ਰਹੇ ਜੇਕਰ ਮੇਰਾ ਘਰ ਵੱਡਾ ਹੁੰਦਾ ਤਾਂ ਟੈਂਕ ਰੱਖਣ ਦੇ ਕੇਸ ਵੀ ਹੋ ਸਕਦੇ ਸਨ। ਜੇਲ੍ਹ ਵਿਚ ਰਹਿਣ ਸੰਬੰਧੀ ਉਹ ਲਿਖਦਾ ਹੈ ਕਿ-

ਸਟੇਜਾਂ ਤੇ ਆਈਏ ਸਿਕੰਦਰ ਹੋਈਦਾ ਏ-
ਸਟੇਜੋਂ ਉਤਰਕੇ ਕਲੰਦਰ ਹੋਈਦਾ ਏ।
ਉਲਝੇ ਜੋ ਦਾਮਨ ਹਕੂਮਤ ਕਿਸੇ ਨਾਲ-
ਬਸ ਏਨਾ ਹੀ ਹੁੰਦਾ-ਅੰਦਰ ਹੋਈਦਾ ਏ।

ਪਾਕਿਸਤਾਨ ਵਿਚ ਵੀ ਪੰਜਾਬੀ ਦੇ ਹੋਰ ਵੀ ਬਹੁਤ ਸਾਰੇ ਸ਼ਾਇਰ ਹੋਏ ਹਨ ਪ੍ਰੰਤੂ ਉਸਤਾਦ ਦਾਮਨ ਜਿੰਨਾ ਦਲੇਰ-ਮੂੰਹ ਫਟ-ਸਰਲ-ਸਪਸਟ ਅਤੇ ਰੋਜ ਮਰਰ੍ਹਾ ਦੀ ਜਿੰਦਗੀ ਨਾਲ ਸੰਬੰਧਤ ਲਿਖਣ ਕੋਈ ਵੀ ਨਹੀਂ ਸੀ। ਜੇਲ੍ਹ ਵਿਚ ਰਹਿਣ ਕਰਕੇ ਉਸਦੀ ਵਿਆਹੁਤਾ ਜਿੰਦਗੀ ਵੀ ਬਹੁਤੀ ਸਫਲ ਨਹੀਂ ਰਹੀ। ਉਸਦਾ ਵਿਆਹ ਇੱਕ ਸਿੱਖ ਪਰਵਾਰ ਵਿਚ ਹੋਇਆ ਸੀ। ਉਸਦਾ ਇੱਕ ਲੜਕਾ ਵੀ ਸੀ ਪ੍ਰੰਤੂ ਬਹੁਤਾ ਸਮਾਂ ਜੇਲ੍ਹ ਵਿਚ ਰਹਿਣ ਕਰਕੇ ਇੱਕ ਵਾਰ ਵਿਛੜਿਆ ਪਰਵਾਰ ਮੁੜਕੇ ਮਿਲ ਨਹੀਂ ਸਕਿਆ।

ਜਿਓਂਦੇ ਜੀਅ ਗ਼ਰੀਬੀ ਕਰਕੇ ਉਹ ਆਪਣੀਆਂ ਕਵਿਤਾਵਾਂ ਦੀ ਕੋਈ ਵੀ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਉਸਤਾਦ ਦਾਮਨ ਦੀ ਮੌਤ ਤੋਂ ਬਾਅਦ ਉਸ ਦੀਆਂ ਕਵਿਤਾਵਾਂ ਦੀ ਪੁਸਤਕ ਪਾਕਿਸਤਾਨ ਦੇ ਲੋਕਾਂ ਨੇ ਗੁਰਮੁਖੀ ਵਿਚ ਪ੍ਰਕਾਸ਼ਤ ਹੀ ਨਹੀਂ ਕੀਤਾ ਸਗੋਂ ਉਰਦੂ ਵਿਚ ਪ੍ਰਕਾਸ਼ਤ ਕਰਕੇ ਉਸਨੂੰ ਉਰਦੂ ਦਾ ਸ਼ਾਇਰ ਵਿਖਾਉਣ ਦੀ ਕੋਸਿਸ ਕੀਤੀ ਗਈ ਹੈ।

ਕੈਨੇਡਾ ਵਿਚ ਰਹਿਣ ਵਾਲੇ ਪੰਜਾਬੀ ਦੇ ਮੁੱਦਈ ਭਾਈ ਜੈਤੇਗ ਸਿੰਘ ਅਨੰਤ ਨੇ ਉਸਤਾਦ ਦਾਮਨ ਦੀ ਪੰਜਾਬੀ ਭਾਸ਼ਾ ਵਿਚ ਲਿਖੀ ਕਵਿਤਾ ਬਾਰੇ ਵਾਰਤਕ ਦੀ ਇੱਕ ਖੋਜ ਭਰਪੂਰ ਪੁਸਤਕ-ਬੇਨਿਆਜ ਹਸਤੀ-ਉਸਤਾਦ ਦਾਮਨ ਪ੍ਰਕ-ਾਸ਼ਤ ਕਰਵਾਕੇ ਉਸਤਾਦ ਦਾਮਨ ਦੀ ਪੰਜਾਬੀ ਪ੍ਰਤੀ ਸੇਵਾ ਨੂੰ ਲੋਕਾਂ ਦੇ ਰੂਬਰੂ ਕਰਕੇ ਸੱਚੀ ਸ਼ਰਧਾਂਜਲੀ ਭੇਂਟ ਕੀਤੀ ਹੈ। ਇਹ ਪੁਸਤਕ ਪਾਕਿਸਤਾਨ ਵਿਚ ਲਾਹੌਰ-ਭਾਰਤ ਅਤੇ ਕੈਨੇਡਾ ਵਿਚ ਜੈਤੇਗ ਸਿੰਘ ਅਨੰਤ ਨੇ ਲੋਕ ਅਰਪਣ ਕੀਤੀ ਹੈ। ਉਸਤਾਦ ਦਾਮਨ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਇਹੋ ਹੈ ਕਿ ਅਸੀਂ ਆਪਣੀ ਮਾਤ ਭਾਸ਼ਾ ਤੇ ਪਹਿਰਾ ਦੇਈਏ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਵਿਰਸੇ ਨਾਲ ਜੋੜਨ ਦੇ ਉਪਰਾਲੇ ਕਰੀਏ।

## ਪੜ੍ਹਾਈ ਦੇ ਨਾਲ-ਨਾਲ ਸਲਾਨਾ ਮੁਕਾਬਲੇ ਵੀ ਕਰਵਾਏ ਜਾਣਗੇ- ਵਰਿੰਦਰ ਕੁਮਾਰ



**ਸੜੋਆ- ਸਤਨਾਮ ਸਿੰਘ ਸਹੂੰਗੜਾ)-** ਬਲਾਕ ਸੜੋਆ ਅੰਦਰ ਬਣੀ ਹੋਈ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ: ਸੜੋਆ ਵੱਲੋਂ ਇਲਾਕੇ ਵਿਚ ਵੱਡੇ ਪੱਧਰ ਤੇ ਵਿਦਿਆਰਥੀਆਂ, ਲੋੜਵੰਦ ਗਰੀਬਾਂ ਦੀ ਮਦਦ ਕਰਕੇ ਆਪਣਾ ਇਕ ਸਥਾਨ ਬਣਾਇਆ ਹੋਇਆ ਹੈ। ਇਸ ਸੁਸਾਇਟੀ ਵੱਲੋਂ ਸਮੇਂ ਸਮੇਂ ਤੇ ਗਰੀਬ ਵਿਦਿਆਰਥੀਆਂ ਨੂੰ ਪੜ੍ਹਨ ਸਮੱਗਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ: ਸੜੋਆ ਵੱਲੋਂ ਪਿੰਡ ਸੜੋਆ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਿਆਂ ਸ੍ਰੀ ਵਰਿੰਦਰ ਕੁਮਾਰ ਪ੍ਰਧਾਨ ਗੌਰਮਿੰਟ ਟੀਚਰ ਯੂਨੀਅਨ ਪੰਜਾਬ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਕੀਤਾ।

ਇਸ ਮੌਕੇ ਤੇ ਸੁਸਇਟੀ ਦੇ ਪ੍ਰਧਾਨ ਸ੍ਰੀ ਨਰਿੰਦਰ ਬੇਗਮਪੁਰੀ ਅਤੇ ਮੀਤ ਪ੍ਰਧਾਨ ਸ੍ਰੀ ਜਗਮੋਹਣ ਨੌਰਦ ਨੇ ਆਖਿਆ ਕਿ ਬੱਚਿਆਂ ਦੇ ਪੜ੍ਹਾਈ ਦੇ ਨਾਲ ਨਾਲ ਸਾਲਾਨਾ ਮੁਕਾਬਲੇ ਦੀ ਪ੍ਰੀਖਿਆ ਵੀ ਭਵਿੱਖ ਵਿਚ ਕਰਵਾਈ ਜਾ ਰਹੀ ਹੈ। ਇਸ ਮੌਕੇ ਤੇ ਵੱਖ ਵੱਖ ਪਿੰਡਾਂ ਦੇ ਬੱਚਿਆਂ ਨੂੰ ਸਕੂਲੀ ਵਰਦੀਆਂ ਤੇ ਪੜ੍ਹਨ ਯੋਗ ਸਮੱਗਰੀ ਵੀ ਤਕਸੀਮ ਕੀਤੀ ਗਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਰਵਿੰਦਰ ਕੁਮਾਰ ਲਾਲੀ ਸਾਹਿਬਾ, ਸ਼ਿਵ ਕੁਮਾਰ, ਮਾ: ਬਲਵਿੰਦਰ ਨਾਨੋਵਾਲ, ਜੋਗਿੰਦਰ ਸਿੰਘ ਅਟਾਲ ਮਾਜਰਾ, ਮਾ: ਚਰਨਜੀਤ ਸਿੰਘ ਸੂਦ, ਗੁਰਬਖਸ਼ ਲਾਲ ਭਾਗਪੁਰ, ਚਮਨ ਲਾਲ ਸੜੋਆ, ਮਹਿੰਦਰ ਪਾਲ ਪ੍ਰਧਾਨ, ਰਾਜ ਕੁਮਾਰ ਮਾਲੇਵਾਲ, ਕਮਲਜੀਤ ਸਿੰਘਪੁਰ, ਮੈਡਮ ਪ੍ਰਵੇਸ਼, ਲੈਕਰਚਾਰ ਰਾਜਿੰਦਰ ਕੁਮਾਰ ਅਤੇ ਮਾਸਟਰ ਮਨਜੀਤ ਗੰਗੜ ਵੀ ਹਾਜ਼ਰ ਸਨ।

## ਗ੍ਰਾਮ ਚੇਤਨਾ ਪ੍ਰੋਗਰਾਮ ਤਹਿਤ ਨਾਬਾਰਡ ਦੀ ਟੀਮ ਨੇ ਸਮਾਗਮ ਕਰਵਾਇਆ




**ਸੜੋਆ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਪੋਜੇਵਾਲ ਵੱਲੋਂ ਨਾਬਾਰਡ ਦੀ ਸਹਾਇਤਾ ਨਾਲ ਬਲਾਕ ਸੜੋਆ ਦੇ ਵੱਖ ਵੱਖ ਪਿੰਡਾਂ ਅੰਦਰ ਗ੍ਰਾਮ ਚੇਤਨਾ ਪ੍ਰੋਗਰਾਮ ਤਹਿਤ ਸਮਾਗਮ ਕਰਵਾਏ ਗਏ। ਇਸ ਦੌਰਾਨ ਸ੍ਰੀ ਐਸ. ਸੀ. ਗਰਗ ਜ਼ਿਲ੍ਹਾ ਲੀਡ ਮੈਨੇਜਰ ਸ਼ਹੀਦ ਭਗਤ ਸਿੰਘ ਨਗਰ ਨੇ ਆਖਿਆ ਕਿ ਬੈਂਕ ਵੱਲੋਂ ਆਮ ਲੋਕਾਂ ਦੀ ਸਹੂਲਤ ਵਾਸਤੇ ਕਈ ਤਰ੍ਹਾਂ ਦੀਆਂ ਸਹੂਲਤਾਂ ਸ਼ੁਰੂ ਕੀਤੀਆਂ ਗਈਆਂ ਹਨ ਤੇ ਇਹਨਾਂ ਸਕੀਮਾਂ ਦਾ ਕਿਸਾਨਾਂ, ਮਜ਼ਦੂਰਾਂ, ਸਰਕਾਰੀ ਮੁਲਾਜ਼ਮਾਂ ਤੇ ਹਰ ਤਰ੍ਹਾਂ ਨਾ ਕਿਸੇ ਵੀ ਤਰ੍ਹਾਂ ਬੈਂਕਾਂ ਨਾਲ ਜੁੜ ਕੇ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਚਾਹੀਦਾ ਹੈ। ਇਸ ਮੌਕੇ ਤੇ ਸੀਨੀਅਰ ਮੈਨੇਜਰ ਸ੍ਰੀ ਰਾਜਿੰਦਰ ਕੁਮਾਰ ਅਤੇ ਸੀਨੀਅਰ ਬੈਂਕ ਮੈਨੇਜਰ ਚਰਨਜੀਤ ਚੋਪੜਾ ਨੇ ਬੈਂਕ ਵੱਲੋਂ ਸੇਵਿੰਗ, ਆਰ. ਡੀ. ਅਤੇ ਐਫ. ਡੀ. ਖਾਤਿਆਂ ਸਬੰਧੀ ਵਿਸਥਾਰ 'ਚ ਜਾਣਕਾਰੀ ਦਿੱਤੀ। ਇਸ ਸਮਾਗਮ ਵਿਚ ਸਰਪੰਚ ਸੁਰਜੀਤ ਸਿੰਘ, ਪਿਆਰਾ ਸਿੰਘ, ਨਿਰਮਲ ਸਿੰਘ, ਅਵਤਾਰ ਸਿੰਘ ਨੰਗਲ, ਚੌਧਰੀ ਹਰਬੰਸ, ਨੰਬਰਦਾਰ ਸਰਬਣ ਸਿੰਘ, ਵਣਗਾਰਡ ਰਾਮ ਸਰਨ, ਤਰਕਸ਼ੀਲ ਆਗੂ ਸੁਰਜੀਤ ਪੋਲੀ, ਹੁਸਨ ਲਾਲ, ਕੇਵਲ ਕੁਮਾਰ ਹਲਵਾਈ ਤੇ ਪ੍ਰਧਨ ਸੰਤੋਖ ਸਿੰਘ ਵੱਲੋਂ ਵੀ ਹਾਜ਼ਰੀ ਲਗਵਾਈ ਗਈ।

## ਵਿਸ਼ਵ ਸਾਖਰਤਾ ਦਿਵਸ ਸਕੂਲ ਮੁਖੀ ਬਲਜਿੰਦਰ ਮਾਨ ਦੀ ਅਗਵਾਈ ਹੇਠ ਬੜੀ ਧੂਮਧਾਮ ਨਾਲ ਮਨਾਇਆ

**ਮਾਹਿਲਪੁਰ-** ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਵਿੱਚ ਵਿਸ਼ਵ ਸਾਖਰਤਾ ਦਿਵਸ ਸਕੂਲ ਮੁਖੀ ਬਲਜਿੰਦਰ ਮਾਨ ਦੀ ਅਗਵਾਈ ਹੇਠ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵਲੋਂ ਇਕ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਕਵਿਤਾ ਉਚਾਰਨ ਮੁਕਾਬਲੇ ਵਿੱਚ ਆਂਚਲ, ਜਸ਼ਨ, ਅਤੇ ਵਿਨੈ ਕੁਮਾਰ ਨੇ ਪਹਿਲੀਆਂ ਥਾਵਾਂ ਹਾਸਿਲ ਕੀਤੀਆਂ। ਲੇਖ ਲਿਖਣ ਵਿੱਚ ਰਾਮ ਕਿਸ਼ੋਰ ਨੇ ਸਭ ਤੋਂ ਵੱਧ ਅੰਕ ਹਾਸਿਲ ਕਰ ਕੇ ਇਨਾਮ ਜਿਤਿਆ। ਰਵੀਨਾ ਨੇ ਆਪਣੀ ਲਿਖੀ ਕਵਿਤਾ ਪੇਸ਼ ਕਰਕੇ ਚੰਗੀ ਭਲ ਖੱਟੀ। ਇਸ ਮੌਕੇ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੰਦਿਆਂ ਮੁੱਖ ਅਧਿਆਪਕ ਬਲਜਿੰਦਰ ਮਾਨ ਨੇ ਕਿਹਾ ਕਿ ਸਿਖਿਆ ਸਾਨੂੰ ਇਨਸਾਨ ਬਣਾਉਂਦੀ ਹੈ।ਇਸੇ ਕਰਕੇ ਇੱਕ ਵਿਦਿਆਰਥੀ ਦੇ ਜੀਵਨ ਵਿੱਚ ਅਧਿਆਪਕ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ । ਇਸ ਲਈ ਹਰ ਭਾਰਤ ਵਾਸੀ ਨੂੰ ਸਿਖਿਅਤ ਹੋਣ ਦੀ ਵਿਸ਼ੇਸ਼ ਲੋੜ ਹੈ।ਪੰਜਾਬ ਵਿਚ ਅਜ ਵੀ 35 ਫੀਸਦੀ ਮਹਿਲਾਵਾਂ ਸਾਖਰ ਨਹੀਂ ਹਨ।ਨਾਲ ਹੀ ਨੱਬੇ ਲੱਖ ਪੰਜਾਬੀਆਂ ਦਾ ਸਾਖਰ ਨਾ ਹੋਣਾ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।ਮੰਚ ਸਚਾਲਨ ਕਰਦਿਆਂ ਪਵਨ ਕੁਮਾਰ ਨੇ ਕਿਹਾ ਕਿ ਮਨੁੱਖ ਮੁਢਲੀ ਸਿਖਿਆ ਘਰ ਵਿਚੋਂ ਮਿਲਦੀ ਹੈ।

ਬੱਚਿਆਂ ਵਲੋਂ ਧਰਤੀ ਨੂੰ ਹਰਿਆ ਭਰਿਆ ਕਰਨ ਲਈ ਸਕੂਲ ਕੈਂਪਸ ਵਿੱਚ ਪੌਦੇ ਵੀ ਲਗਾਏ ਗਏ।ਗਿੱਧੇ ਭੰਗੜੇ ਵਿੱਚ ਵੀ ਬੱਚਿਆਂ ਨੇ ਆਪਣੀਆਂ ਅਦਾਵਾਂ ਨਾਲ ਸਭ ਦਰਸ਼ਕਾਂ ਦੇ ਮਨ ਮੋਹ ਲਏ। ਇਸ ਮੌਕੇ ਮੈਡਮ ਹਰਸ਼ ਬਾਲਾ, ਭੁਪਿੰਦਰ ਸੈਣੀ, ਗੁਰਪ੍ਰੀਤ ਕੌਰ ਤੋਂ ਇਲਾਵਾ ਸਕੂਲ ਮੈਨੇਜਿੰਗ ਕਮੇਟੀ ਦੇ ਮੈਂਬਰ ਅਤੇ ਮਾਪੇ ਹਾਜ਼ਰ ਸਨ।

# ਗੁਰੂ ਦੇ ਤੌਰ ਤੇ ਪੂਜਾ ਅਤੇ ਗੁਰੂ ਗ੍ਰੰਥ ਸਾਹਿਬ




**ਪ੍ਰੋ: ਲਾਲ ਸਿੰਘ**

ਐਮ. ਏ.,ਐਲ. ਐਲ. ਬੀ.,
ਪੀ. ਈ. ਐਸ (1)
ਸਾਬਕਾ ਮੁਖੀ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
ਸਰਕਾਰੀ ਕਾਲਜ, ਹੁਸ਼ਿਆਰਪੁਰ,
ਪੰਜਾਬ


ਗੁਰੂ ਰਵਿਦਾਸ ਜੀ ਗੁਰੂ ਗ੍ਰੰਥ ਸਾਹਿਬ ਅੰਦਰਲੀਆਂ ਗਵਾਹੀਆਂ ਅਨੁਸਾਰ 'ਗੁਰੂ' ਹਨ। ਉਹਨਾਂ ਦੇ 'ਗੁਰੂ' ਪਾਰਬ੍ਰਹਮ (ਬ੍ਰਹਮ-ਗੁਰੂ) ਹਨ। ਪਰ ਚੁੰਝ ਗਿਆਨੀ ਵਿਦਵਾਨ ਆਲੋਚਕ ਅਜੇ ਵੀ ਬੇਬੁਨਿਆਦ ਪ੍ਰਸ਼ਨ ਉਠਾ ਕੇ ਗੁਰੂ ਰਵਿਦਾਸ ਜੀ ਦੀ 'ਗੁਰੂ' ਪਦਵੀ ਨੂੰ ਗੰਧਲਾ ਕਰਨ ਦਾ ਉਪਰਾਲਾ ਕਰ ਸਕਦੇ ਹਨ। ਉਹ ਇਹ ਪ੍ਰਸ਼ਨ ਕਰ ਸਕਦੇ ਹਨ ਕਿ ਕੀ ਗੁਰੂ ਰਵਿਦਾਸ ਜੀ ਆਪਣੇ ਜੀਵਨ ਕਾਲ ਵਿਚ 'ਗੁਰੂ' ਦੇ ਤੌਰ ਤੇ ਪੂਜੇ ਗਏ ਸਨ? ਅਜਿਹੇ ਪ੍ਰਸ਼ਨ ਸਾਨੂੰ ਅਨੇਕਾਂ ਵਾਰ ਵਿਦਵਾਨਾਂ ਤੋਂ ਸੁਣਨੇ ਪਏ ਹਨ। ਇਹਨਾਂ ਵਿਦਵਾਨ ਆਲੋਚਕਾਂ ਦਾ ਭਰਮ ਦੂਰ ਕਰਨ ਲਈ ਅਸੀਂ ਗੁਰੂ ਰਵਿਦਾਸ ਜੀ ਨੂੰ ਗੁਰੂ ਸਾਹਿਬ ਦੀ ਗਵਾਹੀ ਦੇ ਆਧਾਰ ਤੇ ਹੀ ਇਹ ਸਿੱਧ ਕਰਾਂਗੇ ਕਿ ਉਹਨਾਂ ਦੇ ਸ਼ਿਸ਼ ਰਾਜੇ, ਮਹਾਰਾਜੇ, ਮਹਾਰਾਣੀਆਂ, ਪਟਰਾਣੀਆਂ ਅਤੇ ਆਮ ਲੋਕ ਸਨ। ਮਹਾਰਾਜਿਆਂ ਵੱਲੋਂ ਉਹਨਾਂ ਨੂੰ 'ਰਾਜ ਗੁਰੂ' ਦੀ ਪਦਵੀ ਤੇ ਸੁਸ਼ੋਭਿਤ ਕਰਕੇ ਪੂਜਿਆ ਗਿਆ ਹੈ।

ਗੁਰੂ ਰਵਿਦਾਸ ਜੀ ਖੁਦ ਸਪਸ਼ਟ ਕਰਦੇ ਹਨ ਕਿ ਖੱਟ ਕਰਮ ਅਤੇ ਹਿੰਦੂ ਧਾਰਮਿਕ ਰਹੁ ਰੀਤਾਂ ਵਿਚ ਕੱਟੜ ਬ੍ਰਾਹਮਣ ਉਹਨਾਂ ਨੂੰ ਡੰਡਾਉਤ ਕਰਦੇ ਸਨ। ਭਾਵ ਉਹਨਾਂ ਨੂੰ 'ਗੁਰੂ' ਰੂਪ ਵਿਚ ਪੂਜਦੇ ਸਨ। ਗੁਰੂ ਧਾਰਨ ਤੋਂ ਬਿਨਾਂ ਕੋਈ ਵੀ ਵਿਅਕਤੀ ਆਪਣੇ ਧਰਮ-ਕਰਮ ਨੂੰ ਤਿਆਗ ਕੇ ਕਿਸੇ ਦੀ ਡੰਡਾਉਤ ਨਹੀਂ ਕਰਦਾ। ਇੱਥੇ ਹੀ ਬੱਸ ਨਹੀਂ, ਜਦੋਂ ਗੁਰੂ ਰਵਿਦਾਸ ਜੀ ਇਹ ਸਪੱਸ਼ਟ ਕਰਦੇ ਹਨ ਕਿ ਉਹਨਾਂ ਦੀ ਕੁਲ ਦੇ ਲੋਕ ਬਨਾਰਸ ਦੇ ਆਸ ਪਾਸ ਮਰ ਹੋਏ ਪਸ਼ੂਆਂ ਨੂੰ ਢੋਂਦੇ ਹਨ, ਭਾਵ ਉਹਨਾਂ ਦਾ ਚੰਮ ਲਾਹੁੰਦੇ ਹਨ, ਇੱਥੋਂ ਤੱਕ ਕਿ ਉਹ ਆਪ ਵੀ ਇਹੋ ਕਸਬ ਕਰਦੇ ਹਨ ਤਾਂ ਬ੍ਰਾਹਮਣਾਂ ਦਾ ਸ਼ਿਸ਼ ਬਣਨਾ ਹੋਰ ਵੀ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਬਣ ਜਾਂਦਾ ਹੈ। ਸੋ ਬ੍ਰਾਹਮਣਾਂ ਦੇ ਪ੍ਰਧਾਨ ਬ੍ਰਾਹਮਣ ਜਿਹਨਾਂ ਨੂੰ ਚਮਾਰ ਦੀ ਛਾਂ ਵੀ ਭਿੱਟ ਜਾਂਦੀ ਸੀ ''ਜਾ ਕੀ ਛੋਤ ਜਗਤ ਕੋ ਲਾਗੈ' ਦੇ ਕਥਨ ਅਨੁਸਾਰ ਵਿਚਰਦੇ ਉਹ 'ਬ੍ਰਾਹਮਣ ਵੀ ਅੱਜ ਬ੍ਰਹਮ ਗਿਆਨੀ ਗੁਰੂ ਰਵਿਦਾਸ ਜੀ ਨੂੰ 'ਗੁਰੂ' ਧਾਰ ਕੇ ਡੰਡਾਉਤ ਕਰਦੇ ਹੋਏ ਫਖਰ ਕਰਦੇ ਸਨ:

(ੳ) 'ਜਾ ਕੈ ਕੁਟੰਬ ਕੈ ਢੇਢ ਸਭ ਢੋਰ ਢੋਵੰਤ ਫਰਹਿ
ਅਜਹੁ ਬਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ
ਰਵਿਦਾਸ ਦਾਸਨ ਦਾਸਾ।(3)॥

(ਅ) ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪ੍ਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।(3)॥

ਇਹੋ ਸ਼ਬਦ ਪਟਰਾਣੀ ਝਾਲੀ ਬਾਈ, ਮਹਾਰਾਣੀ ਮੀਰਾਂ ਬਾਈ, ਮਹਾਰਾਣਾ ਕੁੰਭਾ ਜੀ, ਰੀਵਾ-ਨਰੇਸ਼ ਵੀਰ ਸਿੰਘ ਆਦਿ ਦਾ ਗੁਰੂ ਰਵਿਦਾਸ ਜੀ ਨੂੰ 'ਗੁਰੂ' ਧਾਰਨ ਦੀ ਗਵਾਹੀ ਹੈ। ਇਹ ਰਾਜਪੂਤ ਘਰਾਣੇ ਨਾਲ ਸਬੰਧਤ ਹਨ। ਇਸ ਤਰ੍ਹਾਂ ਅਨੇਕਾਂ ਵੈਸ਼ ਅਤੇ ਸ਼ੂਦਰ ਉਹਨਾਂ ਦੇ ਸ਼ਿਸ਼ ਸਨ। ਸੋ ਗੁਰੂ ਰਵਿਦਾਸ ਜੀ ਹਰ ਵਰਗ ਦੇ ਗੁਰੂ ਸਨ।

ਮਹਾਰਾਣੀ ਮੀਰਾ ਬਾਈ ਤਾਂ ਆਪਣੀ ਬਾਣੀ ਵਿਚੋਂ ਹੀ ਸਪਸ਼ਟ ਤੌਰ ਤੇ ਬੇਝਿਜਕ ਹੋ, ਬੜੇ ਫਖਰ ਨਾਲ ਗੁਰੂ ਰਵਿਦਾਸ ਜੀ ਨੂੰ 'ਗੁਰੂ' ਮੰਨਦੀ ਹੈ:

(ੳ) 'ਮਾਤ ਪਿਤਾ ਸਬ ਕੁਟੰਬ ਕਬੀਲਾ
ਸਬ ਮਤਲਬ ਕੇ ਗਰਜੀ॥
ਮੀਰਾ ਕੇ ਪ੍ਰਭ ਤੁਮ ਹੀ ਸਵਾਮੀ
ਸਿਰੀ ਰੈਦਾਸ ਸਤਿਗੁਰ ਜੀ॥

(ਅ) ਮੇਰੋ ਮਨ ਲਾਗੋ ਗੁਰੁ ਸੌ
ਅਬ ਨ ਰਹੂੰਗੀ ਅਟਕੀ॥
ਗੁਰ ਮਿਲਿਆਂ ਰੈਦਾਸ ਜੀ ਮ੍ਹਾਨੇ,
ਦੀਨੀ ਗਿਆਨ ਕੀ ਚੁਟਕੀ॥

(ੲ) ਝਾਂਝ ਪਖਾਵਜ ਬੇਣੂ ਬਾਜਿਆ
ਝਾਲਰ ਨੂੰ ਝੰਕਾਰ॥
ਕਾਂਸ਼ੀ ਨਗਰ ਕੇ ਚੌਕ ਮੇ ਮਨੇ
ਗੁਰ ਮਿਲਿਆ ਰੈਦਾਸ॥

ਮਹੰਤ ਜਮਨਾ ਦਾਸ ਉਰਫ ਜਸਵੰਤ ਸਿੰਘ ਅਨੁਸਾਰ ਮਹਾਰਾਣੀ ਮੀਰਾ ਬਾਈ ਨੇ ਸੰਮਤ 1564 ਨੂੰ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕੀਤਾ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਮਹਾਰਾਣਾ ਕੁੰਭਾ ਜੀ ਅਤੇ ਪਟਰਾਣੀ ਝਾਲੀ ਬਾਈ ਦੀ ਸਾਖੀ ਨਿਰੂਪਿਤ ਕੀਤੀ ਗਈ ਹੈ। ਇਹ ਸਾਖੀ ਗੁਰੂ ਜੀ ਨੇ ਸੁਚੇਤ ਹੋ ਕੇ ਨਿਰੂਪਿਤ ਕੀਤੀ ਹੈ। ਇਸ ਦੇ ਨਿਰੂਪਣ ਨਾਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਹੁੰਦੀ ਹੈ:

(ੳ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਭਗਤੀ ਨਹੀਂ ਕਰ ਸਕਦਾ। ਪਰ ਗੁਰੂ ਰਵਿਦਾਸ ਜੀ ਨੇ ਭਗਤੀ ਕਰਕੇ ਪਰਮਾਤਮਾ ਪ੍ਰਾਪਤ ਕੀਤਾ ਹੈ। ਇਸ ਤੱਥ ਕਾਰਨ ਹਿੰਦੂ ਧਰਮ ਗ੍ਰੰਥਾਂ ਦੀ ਬੁਨਿਆਦ ਹੀ ਚਕਨਾ ਚੂਰ ਹੋ ਗਈ ਹੈ।

(ਅ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ 'ਗੁਰੂ' ਨਹੀਂ ਬਣ ਸਕਦਾ। ਅਜਿਹਾ ਕਰਨਾ ਪਾਪ ਹੈ, ਅਧਰਮ ਹੈ। ਪਰ ਗੁਰੂ ਰਵਿਦਾਸ ਜੀ 'ਗੁਰੂ' ਵੀ ਬਣੇ ਅਤੇ 'ਰਾਜ ਗੁਰੂ' ਵੀ। ਇਸ ਤੱਥ ਨਾਲ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਆਧਾਰ ਹੀ ਨਸ਼ਟ ਹੋ ਜਾਂਦਾ ਹੈ।

(ੲ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਦੇ ਸਵਰਗ ਵਿਚ ਜਾਣ ਨਾਲ ਸਵਰਗ ਭਿੱਟਿਆ ਜਾਂਦਾ ਹੈ। (ਰਾਮਾਇਣ ਬਾਲਮੀਕ)। ਗੁਰੂ ਰਵਿਦਾਸ ਜੀ ਸਵਰਗ ਪਧਾਰੇ ਹਨ, ਪਰ ਸਵਰਗ ਨਹੀਂ ਭਿੱਟਿਆ ਗਿਆ। ਇਸ ਤੱਥ ਦੁਆਰਾ ਹਿੰਦੂ ਧਰਮ ਦੀ ਵਿਚਾਰਧਾਰਾ ਤਬਾਹ ਕਰ ਦਿੱਤੀ ਗਈ ਹੈ।

(ਸ) ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ਼ੂਦਰ ਉਪਦੇਸ਼ ਨਹੀਂ ਕਰ ਸਕਦਾ। ਪਰ ਗੁਰੂ ਰਵਿਦਾਸ ਜੀ ਨੇ ਪਵਿੱਤਰ ਉਪਦੇਸ਼ ਦੇ ਕੇ ਚਾਰੇ ਵਰਣਾਂ ਨੂੰ ਮੁਕਤੀ ਦਿਵਾਈ। ਇਹ ਤੱਥ ਹਿੰਦੂ ਧਰਮ ਦੀ ਉਪਦੇਸ਼ ਦੇਣ ਦੀ ਇਜਾਰੇਦਾਰੀ ਤਾਂ ਖਤਮ ਕਰਦਾ ਹੀ ਹੈ, ਇਹ ਹਿੰਦੂ ਧਰਮ ਦੀ ਵਿਚਾਰਧਾਰਾ ਦੀ ਬੁਨਿਆਦ ਨੂੰ ਦਰਿਆ ਦੇ ਤੇਜ਼ ਵਹਾ ਵਾਂਗ ਵਹਾ ਕੇ ਵੀ ਲੈ ਗਿਆ ਹੈ।

(ਹ) ਹਿੰਦੂ ਧਰਮ ਅਨੁਸਾਰ ਸ਼ੂਦਰ ਬ੍ਰਹਮ ਭੋਜ ਵਿਚ ਸ਼ਾਮਲ ਨਹੀਂ ਹੋ ਸਕਦਾ। ਪਰ ਗੁਰੂ ਰਵਿਦਾਸ ਜੀ ਨੇ ਤਾਂ 'ਰਾਜ ਗੁਰੂ' ਬਣ ਬ੍ਰਹਮ ਭੋਜ ਦੀ ਪ੍ਰਧਾਨਗੀ ਕੀਤੀ ਹੈ। ਇਸ ਤੱਥ ਨਾਲ ਵੀ ਹਿੰਦੂ ਧਰਮ ਦੀ ਵਿਚਾਰਧਾਰਾ ਤਹਿਸ ਨਹਿਸ ਹੋ ਗਈ ਹੈ। ਇਸ ਤੱਥ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਸਭ ਜੀਵ ਬਰਾਬਰ ਹਨ।

(ਕ) ਹਿੰਦੂ ਧਰਮ ਦੀ ਬੁਨਿਆਦ ਦੇ ਖੁਰਦ ਬੁਰਦ ਹੋਣ ਪਿੱਛੋਂ ਬ੍ਰਾਹਮਣ ਵਿਦਵਾਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਇਸ ਕਾਰਨ ਹੀ ਉਹ ਖੁਦ ਹਿੰਦੂ ਧਰਮ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਰਵਿਦਾਸ 'ਚਮਾਰ' ਨੂੰ ਗੁਰੂ ਧਾਰਨ ਕਰਦੇ ਹਨ।

ਉਪਰੋਕਤ ਸਾਰੇ ਤੱਥ ਇਕ ਨਵੀਂ ਵਿਸ਼ਵ ਵਿਚਾਰਧਾਰਾ ਦਾ ਬੋਧ ਕਰਾਉਂਦੇ ਹੋਏ ਸਪਸ਼ਟ ਕਰਦੇ ਹਨ ਕਿ ਮਨੁੱਖ ਵਿਚ ਆਪਸੀ ਪਿਆਰ ਹੀ ਅਸਲੀ ਸੱਚਾ ਸੁੱਚਾ ਧਰਮ ਹੈ। ਇਹ ਵਿਚਾਰਧਾਰਾ, ਹਿੰਦੂ ਧਰਮ ਦੀ ਪੱਖਪਾਤੀ ਵਿਚਾਰਧ-ਾਰਾ ਦਾ ਬਦਲ ਬਣਦੀ ਹੈ।





ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਨਿਰੂਪਿਤ ਸਾਖੀ ਅਨੁਸਾਰ ਪਟਰਾਣੀ ਝਾਲੀ ਬਾਈ ਰਵਿਦਾਸ 'ਚਮਾਰ' ਨੂੰ ਗੁਰੂ ਧਾਰਨ ਕਰ ਲੈਂਦੀ ਹੈ। ਹਿੰਦੂ ਧਰਮ ਵਿਚ ਤਰਥੱਲੀ ਮੱਚ ਉਠਦੀ ਹੈ। ਬ੍ਰਾਹਮਣ ਲੋਕ ਪਟਰਾਣੀ ਝਾਲੀ ਬਾਈ ਦੇ ਪਤੀ ਮਹਾਰਾਣਾ ਕੁੰਭਾ ਜੀ ਨੂੰ ਸ਼ਿਕਾਇਤ ਕਰਦੇ ਹਨ ਕਿ ਅਜਿਹਾ ਕਰਨਾ ਤਬਾਹੀ ਦਾ ਸੂਚਕ ਹੈ, ਹਿੰਦੂ ਧਰਮ ਗ੍ਰੰਥ ਇਹੋ ਹੀ ਦੱਸਦੇ ਹਨ। ਮਹਾਰਾਣਾ ਕੁੰਭਾ ਜੀ ਪਟਰਾਣੀ ਨੂੰ ਮੌਤ ਦੀ ਸਜ਼ਾ ਦੇਣ ਦਾ ਇਰਾਦਾ ਬ੍ਰਾਹਮਣਾਂ ਨੂੰ ਦੱਸਦੇ ਹਨ। ਬ੍ਰਾਹਮਣ ਇਸ ਫੈਸਲੇ ਨਾਲ ਮਨ ਹੀ ਮਨ ਖੁਸ਼ ਹਨ ਅਤੇ ਉਹ ਰਵਿਦਾਸ 'ਚਮਾਰ' ਨੂੰ ਵੀ ਨਾਲ ਹੀ ਖਤਮ ਕਰਨਾ ਚਾਹੁੰਦੇ ਹਨ। ਬ੍ਰਾਹਮਣਾਂ ਨੇ ਇਹ ਸੁਝਾਅ ਮਹਾਰਾਣਾ ਨੂੰ ਦਿੱਤਾ ਅਤੇ ਉਹ ਮੰਨ ਗਏ। ਸੋ ਪਟਰਾਣੀ ਝਾਲੀ ਬਾਈ ਨੂੰ ਕਾਸ਼ੀ ਵਿਖੇ ਚਿੱਠੀ ਘੱਲ ਕੇ ਗੁਰੂ ਰਵਿਦਾਸ ਜੀ ਨੂੰ ਵੀ ਨਾਲ ਲੈ ਆਉਣ ਲਈ ਆਦੇਸ਼ ਦਿੱਤਾ।

ਪਟਰਾਣੀ ਝਾਲੀ ਬਾਈ ਪਹਿਲਾਂ ਚਤੌੜ ਪਹੁੰਚੀ, ਫਿਰ ਗੁਰੂ ਰਵਿਦਾਸ ਜੀ। ਬ੍ਰਾਹਮਣਾਂ ਦੀ ਸਕੀਮ ਅਨੁਸਾਰ ਮਹਾਰਾਣਾ ਨੇ ਗੁਰੂ ਜੀ ਦੀ ਪਰਖ ਲਈ ਠਾਕੁਰ ਨੂੰ ਆਪਣੇ ਪਾਸ ਬੁਲਾਉਣ ਲਈ ਕਿਹਾ। ਪਟਰਾਣੀ ਝਾਲੀ ਦੇ ਕਹਿਣ ਤੇ ਉਚ ਜਾਤੀ ਹੋਣ ਕਰਕੇ ਬ੍ਰਾਹਮਣਾ ਨੂੰ ਪਰਖ ਲਈ ਪਹਿਲਾਂ ਮੌਕਾ ਦਿੱਤਾ ਗਿਆ, ਪਰ ਉਹ ਸਫਲ ਨਾ ਹੋਏ, ਗੁਰੂ ਜੀ ਠਾਕੁਰ ਨੂੰ ਆਪਣੇ ਪਾਸ ਬੁਲਾਉਣ ਵਿਚ ਸਫਲ ਹੋ ਗਏ।ਇਸ ਸਫਲਤਾ ਨੇ ਮਹਾਰਾਣਾ ਕੁੰਭਾ ਜੀ ਨੂੰ ਵੀ ਗੁਰੂ ਰਵਿਦਾਸ ਦਾ ਸ਼ਿਸ਼ ਬਣਾ ਦਿੱਤਾ।

ਮਹਾਰਾਣਾ ਨੇ ਗੁਰੂ ਜੀ ਨੂੰ 'ਰਾਜ ਗੁਰੂ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਇਸ ਖੁਸ਼ੀ ਵਿਚ ਬ੍ਰਹਮ ਭੋਜ ਕੀਤਾ ਗਿਆ। ਪਰ ਬ੍ਰਾਹਮਣਾਂ ਨੇ ਹਾਰਨ ਪਿੱਛੋਂ ਵੀ ਗੁਰੂ ਰਵਿਦਾਸ ਨੂੰ 'ਚਮਾਰ' ਕਹਿ ਕੇ ਤ੍ਰਿਸਕਾਰਿਆ ਅਤੇ ਬ੍ਰਹਮ ਭੋਜ ਲਈ ਵੱਖਰਾ ਸੁਕਾ ਸੀਂਦਾ ਲੈ ਕੇ ਆਪ ਭੋਜ ਤਿਆਰ ਕੀਤਾ, ਜਿਸ ਦੀ ਆਗਿਆ ਗੁਰੂ ਰਵਿਦਾਸ ਨੇ ਮਹਾਰਾਣਾ ਕੁੰਭਾ ਜੀ ਨੂੰ ਦੇ ਦਿੱਤੀ ਸੀ। ਇਸ ਤੋਂ ਦੁਖੀ ਹੋ ਕੇ ਗੁਰੂ ਜੀ ਪ੍ਰਭ ਪ੍ਰੀਤਮ ਅੱਗੇ ਅਰਦਾਸ ਕਰਦੇ ਹੋਏ ਨਿਹੋਰਾ ਦਿੰਦੇ ਹਨ ਕਿ ਹੇ ਪ੍ਰਭ! ਜਿਸ ਕਰਨ ਦਾਸ ਨੇ ਤਰੀ ਅਰਾਧਨਾ ਕੀਤੀ ਅਤੇ ਤੁਸੀਂ ਪ੍ਰਵਾਨ ਕਰਕੇ ਆਪਣਾ ਬਣਾਇਆ, ਦਾਸ ਅਜੇ ਵੀ ਉਹ ਜਾਤ ਪਾਤ ਆਦਿ ਦਾ ਦੁੱਖ ਸਹਿਣ ਕਰ ਰਿਹਾ ਹੈ। ਹੁਣ ਦਾਸ ਇਹ ਗੱਲ ਕਿਸ ਨੂੰ ਕਹੇ? ਇਹ ਦੁੱਖ ਕਿਵੇਂ ਮਿਟੇ? ਗੁਰੂ ਰਵਿਦਾਸ ਜੀ ਆਪਣੇ ਮਨ ਦੀ ਵੇਦਨਾ ਆਪਣੀ ਬਾਣੀ ਵਿਚ ਪ੍ਰਗਟ ਕਰਦੇ ਹਨ:

ਜਉ ਹਮ ਬਾਂਧੇ ਮੋਹ ਫਾਸ
ਹਮ ਪ੍ਰੇਮ ਬਧਨਿ ਤੁਮ ਬਾਂਧੇ॥
ਆਪਨੇ ਛੂਟਨ ਕੋ ਜਤਨੁ ਕਰਹੁ
ਹਮ ਛੂਟੇ ਤੁਮ ਅਰਾਧੇ॥1॥

ਕਹਿ ਰਵਿਦਾਸ ਭਗਤਿ ਇਕ ਬਾਢੀ
ਅਬ ਇਹ ਕਾ ਸਿਉ ਕਹੀਐ॥
ਜਾ ਕਾਰਨਿ ਹਮ ਤੁਮ ਆਰਾਧੇ
ਸੋ ਦੁਖੁ ਅਜਹੂ ਸਹੀਐ॥4॥

ਇਸ ਸ਼ਬਦ ਦੇ ਬੰਦ ਨੰ: 1 ਵਿਚ ਗੁਰੂ ਰਵਿਦਾਸ ਜੀ ਆਪਣੇ ਪੀਡੇ ਪਿਆਰ ਦਾ ਪ੍ਰਗਟਾਵਾ ਕਰਦੇ ਹੋਏ ਪ੍ਰਭ ਨੂੰ ਚੁਣੌਤੀ ਦਿੰਦੇ ਹਾਂ ਕਿ ਅਸੀਂ ਤਾਂ ਤੇਰੀ ਭਗਤੀ ਕਰਕੇ ਮੁਕਤ ਹੋ ਗਏ ਹਾਂ, ਆਜ਼ਾਦ ਹੋ ਗਏ ਹਾਂ, ਪਰ ਆਪਣੇ ਪਿਆਰ ਨਾਲ ਅਸਾਂ ਤੈਨੂੰ ਕੈਦ ਕਰ ਲਿਆ ਹੈ, ਹੁਣ ਆਜ਼ਾਦ ਹੋ ਕੇ ਦੱਸੋ? ਭਾਵ ਪ੍ਰਮਾਤਮਾ ਨਾਲ ਅਟੁੱਟ ਅਤੇ ਅਥਾਹ ਪਿਆਰ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਪ੍ਰਭ ਪ੍ਰਾਪਤੀ ਪਿੱਛੋਂ ਤਾਂ ਕੋਈ ਦੁੱਖ ਰਹਿੰਦਾ ਹੀ ਨਹੀਂ। ਪਰ ਆਖਰੀ ਬੰਦ ਨੰ: 4 ਵਿਚ ਗੁਰੂ ਰਵਿਦਾਸ ਜੀ ਬੇਵੱਸ ਹਨ ਅਤੇ ਪ੍ਰਭ ਪ੍ਰਾਪਤੀ ਪਿੱਛੋਂ ਵੀ ਸਮਾਜ ਵਿਚ ਜਾਤ ਪਾਤ ਦਾ ਦੁੱਖ ਸਹਿਣ ਕਰ ਰਹੇ ਹਨ। ਗੁਰੂ ਰਵਿਦਾਸ ਜੀ ਦੀ ਇਹ ਮਾਨਸਿਕ ਅਵਸਥਾ ਉਸ ਸਮੇਂ ਦੀ ਹੈ, ਜਦੋਂ ਬ੍ਰਾਹਮਣ ਲੋਕ ਬ੍ਰਹਮ ਭੋਜ ਛਕਣ ਲਈ ਤਿਆਰ ਹਨ। ਪਰ ਉਹ 'ਰਾਜਗੁਰੂ' ਰਵਿਦਾਸ ਚਮਾਰ ਨੂੰ ਪੰਗਤ ਵਿਚ ਤਾਂ ਕੀ, ਸਾਹਮਣੇ ਵੀ ਬੈਠਣ ਨਹੀਂ ਦਿੰਦੇ।ਮਹਾਰਾਣਾ ਇਹ ਸਮੱਸਿਆ ਰਾਜਗੁਰੂ ਰਵਿਦਾਸ ਜੀ ਅੱਗੇ ਰੱਖਦੇ ਹਨ। ਗੁਰੂ ਜੀ ਆਪ ਓਹਲੇ ਬੈਠ ਜਾਂਦੇ ਹਨ ਅਤੇ ਬ੍ਰਹਮ ਭੋਜ ਛਕਣ ਦੀ ਆਗਿਆ ਦੇ ਦਿੰਦੇ ਹਨ। ਹੇਠ ਦਿੱਤੇ ਸ਼ਬਦ ਵਿਚ ਗੁਰੂ ਜੀ ਆਪਣੀ ਅਤੇ ਮਹਾਰਾਣਾ ਕੁੰਭਾ ਜੀ ਦੀ ਮਾਨਸਿਕ ਅਵਸਥਾ ਨੂੰ ਬਿਆਨ ਕਰਦੇ ਸਮਾਜ ਦੀ ਨਾ ਬਰਾਬਰੀ ਅਨਿਆਂ ਭਰਪੂਰ ਪ੍ਰਭ ਵਿਰੋਧੀ ਸਥਿਤੀ ਦਾ ਨਿਰੂਪਣ ਕਰਦੇ ਹਨ। ਗੁਰੂ ਜੀ ਇਸ ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ ਫੁਰਮਾਉਂਦੇ ਹਨ:

ਜਬ ਹਮ ਹੋਤੇ ਤਬ ਤੂੰ ਨਾਹੀ
ਅਬ ਤੂੰ ਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ,
ਜਲ ਕੇਵਲ ਜਲ ਮਾਹੀ॥1॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ॥2॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਿਤੇ ਕਹਨੁ ਨ ਆਇਆ॥3॥
ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੇ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ
ਸਾਹਜੇ ਹੋਇ ਸੁ ਹੋਈ॥4॥

ਬ੍ਰਹਮ ਭੋਜ ਛਕਣ ਦੀ ਆਗਿਆ ਦੇਣ ਪਿੱਛੋਂ ਗੁਰੂ ਰਵਿਦਾਸ ਜੀ ਵਿਚਾਰਦੇ ਹਨ ਕਿ ਜਿਵੇਂ ਬਾਦਸ਼ਾਹ ਰਾਜ ਭਾਗ ਦੇ ਹੁੰਦਿਆਂ ਹੋਇਆਂ ਸੁਪਨ ਵਿਚ ਰਾਜ ਭਾਗ ਖੁਸ ਜਾਣ ਪਿੱਛੋਂ ਭਿਖਾਰੀ ਬਣ ਕੇ ਤੜਪਦਾ ਹੈ, ਅਜਿਹੀ ਹੀ ਹਾਲਤ ਦਾਸ ਦੀ ਹੈ, ਇਸ ਤੜਪਣ ਨੂੰ ਗੁਰੂ ਜੀ ਨੇ ਉਪਰੋਕਤ ਸ਼ਬਦ ਵਿਚ ਅੰਕਿਤ ਕੀਤਾ ਹੈ ਅਤੇ ਨਾਲ ਹੀ ਨਾਲ ਇਸ ਤੜਪਣ ਭਰੇ ਸੰਕਟ ਵਿਚੋਂ ਸ਼ਾਨ ਨਾਲ ਛੁਟਕਾਰਾ ਪਾਉਣ ਦਾ ਵਰਣਨ ਵੀ ਹੈ। ਬੰਦ ਨੰ: 1 ਵਿਚ ਸਪਸ਼ਟ ਰੂਪ ਵਿਚ ਦੱਸਿਆ ਗਿਆ ਹੈ ਕਿ ਉਹ ਬ੍ਰਹਮ ਭੋਜ ਸਮੇਂ ਓਹਲੇ ਹੋ ਜਾਂਦੇ ਹਨ ਤਾਂ ਪ੍ਰਭ ਅੱਗੇ ਅਰਦਾਸ ਕਰਦੇ ਹਨ ਕਿ ਜਦੋਂ ਮੇਰਾ ਮਨ ਹੰਕਾਰੀ ਸੀ, ਤੁਸੀਂ ਨਹੀਂ ਸੌ। ਹੁਣ ਮੈਂ ਤੇਰੀ ਟੇਕ ਰੱਖ ਕੇ ਓਹਲੇ ਹੋ ਗਿਆ ਹਾਂ, ਹੁਣ ਤੁਸੀਂ ਹੀ ਕ੍ਰਿਪਾ ਕਰਕੇ, ਮਿਹਰ ਕਰਕੇ ਬ੍ਰਹਮ ਭੋਜ ਵਿਚ ਬਿਰਾਜਮਾਨ ਹੋਵੋ। ਤੁਸੀਂ ਸ੍ਰਿਸ਼ਟੀ ਦੇ ਕਣ ਕਣ ਵਿਚ ਬਿਰਾਜਮਾਨ ਹੋ। ਹੁਣ ਇੱਥੇ ਆਪਣੇ ਦਾਸ ਤੇ ਕ੍ਰਿਪਾ ਕਰੋ।

ਰਹਾਉ: ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ! ਸਾਨੂੰ ਜੀਵਾਂ ਨੂੰ ਭੁਲੇਖਾ ਪੈ ਗਿਆ ਹੈ ਕਿ ਤੂੰ ਜਗਤ ਨਾਲੋਂ ਵੱਖ ਹੈਂ, ਪਰ ਅਸਲੀਅਤ ਇਹ ਹੈ ਕਿ ਤੂੰ ਹਰ ਥਾਂ ਬਿਰਾਜਮਾਨ ਹੈਂ। ਭੁਲੇਖੇ ਕਾਰਨ ਬ੍ਰਾਹਮਣਾਂ ਨੇ ਰਾਜ ਗੁਰੂ ਨੂੰ ਓਹਲੇ ਕਰਕੇ ਮੰਨ ਲਿਆ ਹੈ ਕਿ 'ਚਮਾਰ' ਰਵਿਦਾਸ ਉਹਨਾਂ ਤੋਂ ਦੂਰ ਹੁੰਦਾ ਹੈ ਪਰ ਇਸ ਤੋਂ ਉਲਟ ਹੈ, ਹਰ ਬ੍ਰਾਹਮਣ ਨਾਲ ਇਕ ਰਵਿਦਾਸ ਬੈਠਾ ਦੱਸਿਆ ਗਿਆ ਹੈ।

ਬੰਦ ਨੰ: 2 ਇਕ ਰਾਜਾ ਸਿੰਘਾਸਣ ਤੇ ਸੁੱਤਾ ਹੋਇਆ ਸੁਪਨੇ ਵਿਚ ਭਿਖਾਰੀ ਬਣ ਗਿਆ ਹੈ ਅਤੇ ਰਾਜ ਦੇ ਹੁੰਦਿਆਂ ਸੁੰਦਿਆਂ ਸੁਪਨੇ ਵਿਚ ਰਾਜ ਭਾਗ ਤੋਂ ਵਿਛੜ ਕੇ ਦੁਖੀ ਹੁੰਦਾ ਹੈ। ਉਸੇ ਤਰ੍ਹਾਂ ਮਹਾਰਾਣਾ ਕੁੰਭਾ ਜੀ ਰਾਜਾ ਹੁੰਦੇ ਹੋਏ ਵੀ ਬ੍ਰਾਹਮਣਾਂ ਦੇ ਜ਼ਾਤ ਅਭਿਮਾਨ ਤੋਂ ਦੁਖੀ ਹੈ। ਭਾਵੇਂ ਰਾਜ ਗੁਰੂ ਆਪਣੀ ਇੱਛਾ ਨਾਲ ਹੀ ਓਹਲੇ ਬੈਠੇ ਹਨ ਪਰ ਰਾਜਾ ਇਸ ਘਟਨਾ ਤੋਂ ਦੁਖੀ ਹੈ।

ਸਭ ਕੁਝ ਹ ਦਿਆਂ ਗੁਰੂ ਰਵਿਦਾਸ ਜੀ ਦਾ ਹੈ ਕਿਉਂਕਿ ਉਹ ਹਿੰਦੂ ਧਰਮ ਦੇ ਜਾਤ ਵਿਧਾਨ (ਵਰਣ ਆਸ਼ਰਮ) ਅਤੇ ਨਾ ਬਰਾਬਰੀ ਦੇ ਅੱਨਿਆਂ ਤੋਂ ਪੀੜਤ ਹਨ।

ਬੰਦ ਨੰ: 3 ਵਿਚ ਭਰਮ ਦੀਆਂ ਉਦਾਹਰਣਾਂ ਦੇ ਕੇ ਜੀਵ ਨੂੰ ਸਪਸ਼ਟ ਕਰਦੇ ਹਨ ਕਿ ਰੱਸੀ ਅਤੇ ਸੱਪ ਦਾ ਅਤੇ ਸੋਨੇ ਅਤੇ ਸੋਨੇ ਤੋਂ ਬਣੇ ਗਹਿਣਿਆਂ ਦਾ ਭੁਲੇਖਾ ਦੂਰ ਹੋਣ ਦੇ ਨਾਲ ਹੀ ਮਨੁੱਖ ਅਨੰਦਿਤ ਹੋ ਉੱਠਦਾ ਹੈ। ਇਸੇ ਤਰ੍ਹਾਂ ਪ੍ਰਭ ਪ੍ਰਾਪਤੀ ਪਿੱਛੋਂ ਮਨੁੱਖ ਸਾਰੇ ਭਰਮ ਭੁਲੇਖਿਆਂ ਤੋਂ ਮੁਕਤ ਹੋ ਜਾਂਦਾ ਹੈ।

ਬੰਦ ਨੰ: 4: ਇਸ ਬੰਦ ਨੂੰ ਵਿਚਾਰਨ ਤੋਂ ਪਹਿਲਾਂ ਕੁਝ ਕੁ ਲਫਜ਼ਾਂ ਦੇ ਅਰਥਾਂ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ:

(ੳ) ਸਰਵ ਵਿਆਪਕ ਪਰਮਾਤਮਾ ਕੇਵਲ ਇਕ ਹੀ ਹੈ।

(ਅ) ਸੁਆਮੀ ਮਾਲਕ ਪ੍ਰਭ, ਪਰਮਾਤਮਾ

(ੲ) ਧਿਆਨ ਦਿੱਤਾ ਜਾਵੇ ਕਿ ''ਭੋਗਵੈ' ਦੇ 'ਭ' ਨਾਲ ਦੋ ਮਾਤਰਾਂ ਲੱਗੀਆਂ ਹੋਈਆਂ ਹਨ। ਇਸ ਲਈ ਇਸ ਦੇ ਦੋ ਸ਼ਬਦ ਬਣਦੇ ਹਨ:

1. ਭੁਗਵੇ- ਭੋਗਦਾ ਹੈ (ਆਤਮਕ ਆਨੰਦ) ਕੋਟਿ ਅਨੰਦ ਰਾਜ ਸੁਖ ਭੁਗਵੈ (ਟੋਡੀ ਮ: 5)
2. ਭੋਗ/ਭੋਗਣਾ- ਇੰਦਰੀਆਂ ਕਰਕੇ ਗ੍ਰਹਿਣ ਕਰੇ ਪਦਾਰਥਾਂ ਤੋਂ ਉਪਜਿਆ ਅਨੰਦ ''ਭੋਗਹਿ ਭੋਗ ਅਨੰਦ ਵਿਣੁ ਨਾਵੈ ਸੁੰਵਿਆ।'' (ਆਸਾ ਮ: 4)

ਬੰਦ ਨੰ: 4 ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸਰਵ ਵਿਆਪਕ ਪਰਮਾਤਮਾ ਅਨੇਕਾਂ ਸਰੂਪ ਧਾ ਕੇ, ਉਹ ਹੀ ਕਣ ਕਣ ਵਿਚ ਆਤਮਕ ਅਤੇ ਪਦਾਰਥਕ ਅਨੰਦ ਮਾਣਦਾ ਹੈ। ਪ੍ਰਭ ਰਵਿਦਾਸ 'ਚਮਾਰ' ਦੇ ਅਨੇਕਾਂ ਰੂਪ ਧਾਰਨ ਕਰ, ਹਰ ਇਕ ਬ੍ਰਾਹਮਣ ਨਾਲ ਪੰਗਤ ਵਿਚ ਬੈਠ ਆਤਮਕ ਅਤੇ ਪਦਾਰਥਕ ਅਨੰਦ ਭੋਗਦਾ ਹੈ। ਇਸ ਨਾਲ ਬ੍ਰਾਹਮਣਾਂ ਦਾ ਹੰਕਾਰ ਵੀ ਟੁੱਟਦਾ ਹੈ। ਇਹ ਵੀ ਸਾਬਤ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਘਰ ਜਾਤ ਪਾਤ ਨਹੀਂ, ਨਾਬਰਾਬਰੀ ਨਹੀਂ। ਅਤੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਭ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ। ਇਸੇ ਕਰਕੇ ਰਵਿਦਾਸ ਕਹਿੰਦਾ ਹੈ ਕਿ ਪ੍ਰਮਾਤਮਾ ਤਾਂ ਹੱਥ ਤੋਂ ਵੀ ਨੇੜੇ ਹੈ, ਜੋ ਕੁਝ ਜਗਤ ਵਿਚ ਵਰਤ ਰਿਹਾ ਹੈ, ਉਸੇ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ।

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਸ਼ਬਦ ''ਜਬ ਹਮ ਬਾਂਧੇ ਮੋਹ ਫਾਸ'' ਵਾਲੇ ਆਖਰੀ ਬੰਦ ਵਿਚ ਵਿਚਰ ਰਿਹਾ ਦੁੱਖ ਵੀ ਦੂਰ ਹੋ ਜਾਂਦਾ ਹੈ।

ਇਸ ਮਹਾਨ ਚਮਤਕਾਰ ਨੂੰ ਬਿਆਨ ਕਰਦਿਆਂ ਸ੍ਰੀ ਗੁਰ ਭਗਤ ਮਾਲ ਸਭ ਤੋਂ ਵੱਡੀ ਕ੍ਰਿਤ ਲਾਲ ਸਿੰਘ ਨਿਰਮਲਾ, ਅੰਮ੍ਰਿਤਸਰ ਲਿਖਦੇ ਹਨ:

''ਭਾਵ ਭੋਜਨ ਛਕਾਵੇ ਵੀ ਰਵਿਦਾਸ। ਹਰ ਇਕ ਪੰਗਤ ਵਿਚ ਬੈਠਾ ਛਕੇ ਵੀ ਰਵਿਦਾਸ ਜਦ ਅੰਦਰ, ਬਾਹਰ ਸਾਰੇ ਹੀ ਰਵਿਦਾਸ ਦੇਖਿਆ ਤਾਂ ਬ੍ਰਾਹਮਣਾਂ ਦੇ ਮਨ ਵਿਚ ਪੱਕਾ ਭਰੋਸਾ ਹੋ ਗਿਆ ਕਿ ਸ੍ਰੀ ਰਵਿਦਾਸ ਅਤੇ ਪ੍ਰਭੂ (ਨਿਰਜੰਨ) ਇਕ ਸਰੂਪ ਹੈ ਅਤੇ ਇਹੋ ਹੀ ਸਰਗੁਣ ਸਰੂਪ ਹੈ। ਇਹੋ ਹੀ ਅੰਦਰ ਹੈ ਅਤੇ ਇਹੋ ਹੀ ਬਾਹਰ ਹੈ।

ਇਹਨਾਂ ਦੋਹਾਂ ਵਿਚ ਭੇਦ ਭਰਮ (ਜੁਦਾਇਗੀ) ਰੰਚਕ ਭੀ ਨਹੀਂ। ਇਕੁਰ ਦਾ ਨਿਸ਼ਚਾ ਕਰਕੇ ਬਹੁਤ ਹੀ ਬ੍ਰਾਹਮਣ ਸ੍ਰੀ ਰਵਿਦਾਸ ਜੀ ਸਾਹਿਬ ਦੇ ਸਿਖ ਹੋਏ।' ਸੋ ਗੁਰੂ ਰਵਿਦਾਸ ਜੀ ਨੂੰ ਰਾਜਪੂਤ ਸਾਹੀ ਘਰਾਣੇ ਵੱਲੋਂ ਰਾਜ ਗੁਰੂ ਦੇ ਰੂਪ ਵਿਚ ਸਰਕਾਰੀ ਸਨਮਾਨਾਂ ਅਤ ਸਿਦਕ ਭਰਪੂਰ ਚਾਵਾਂ ਮਲਾਰਾਂ ਨਾਲ ਪੂਜਿਆ ਗਿਆ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਹੀ ਆਪਣੇ ਆਪ ਨੂੰ ਗੁਰੂ ਰੂਪ ਵਿਚ ਪੇਸ਼ ਕਰਕੇ, ਹਿੰਦੂ ਧਰਮ ਗ੍ਰੰਥਾਂ ਦੇ ਅਨੇਕਾਂ ਪਏ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਹੈ ਅਤੇ ਸਿੱਟ ਵਜੋਂ ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਗੁਰੂ ਰਵਿਦਾਸ ਜੀ ਨੇ ਇਕ ਨਵੀਂ ਵਿਸ਼ਵ ਵਿਚਾਰਧਾਰਾ ਦੀ ਵੀ ਸਿਰਜਣਾ ਕੀਤੀ ਹੈ। ਇਸ ਅਦੁੱਤੀ ਵਿਚਾਰਧਾਰਾ ਦੀ ਸਿਰਜਣਾ ਸਦਕਾ ਉਹ ''ਸ਼੍ਰੋਮਣੀ ਗੁਰੂ'' ਹੋ ਨਿਬੜੇ ਹਨ।

ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੂੰ ਉਹਨਾਂ ਦੇ ਜੀਵਨ ਕਾਲ ਵਿਚ ਹੀ ਸਾਰੇ ਵਰਗਾਂ ਨੇ ਆਪਣਾ ਗੁਰੂ ਧਾਰਨ ਕਰਕੇ ਪੂਜਿਆ ਹੈ। ਇਸ ਦੀ ਪ੍ਰੋੜ੍ਹਤਾ ਗੁਰੂ ਰਾਮਦਾਸ ਜੀ ਵਿਚਾਰਧਾਰਾਈ ਆਧਾਰਿਤ ਸ਼ਕਤੀਸ਼ਾਲੀ ਦਲੀਲਾਂ ਦੇ ਕੇ ਕਰਦੇ ਹਨ:

ਰਵਿਦਾਸੁ ਚਮਾਰੁ ਉਸਤਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ,
ਚਾਰਿ ਵਰਣ ਪਏ ਪਗਿ ਆਇ॥2॥

ਇਸੇ ਵਿਚਾਰਧਾਰਾਈ ਆਧਾਰ ਨੂੰ ਪ੍ਰਪੱਕ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਗੁਰੂ ਰਵਿਦਾਸ ਜੀ ਨੂੰ ਬ੍ਰਹਮ-ਗੁਰੂ ਦੀ ਪਦਵੀ ਨਾਲ ਨਿਵਾਜਦੇ ਹਨ:

ਰਵਿਦਾਸ ਧਿਆਏ ਪ੍ਰ ਅਨੂਪ॥
ਗੁਰ ਨਾਨਕ ਦੇਵ ਗੋਬਿੰਦ ਰੂਪ॥

# ਬਲਬੀਰ ਮਾਧੋਪੁਰੀ: ਸਾਹਿਤ ਨੂੰ ਸਮਰਪਿਤ ਸ਼ਖਸ

ਬਲਬੀਰ ਮਾਧੋਪੁਰੀ ਪੰਜਾਬੀ ਸਾਹਿਤ ਦ ਗੰਭੀਰ ਸਰੋਕਾਰਾਂ ਤੇ ਸਮਾਜਿਕ-ਆਰਥਿਕ ਵਿਤਕਰਿਆਂ ਦੇ ਮਸਲਿਆਂ ਨਾਲ ਪਿਛਲੇ ਤਕਰੀਬਨ ਸਾਢੇ ਤਿੰਨ ਦਹਾਕਿਆਂ ਤੋਂ ਗਹਿਗੱਚ ਰੂਪ ਵਿਚ ਜੁੜਿਆ ਹੋਇਆ ਹੈ। ਸਾਹਿਤ ਉਸ ਲਈ ਮਨੋਰੰਜਨ ਦਾ ਵਸੀਲਾ ਨਹੀਂ, ਸਗੋਂ ਸਮਕਾਲੀ ਪ੍ਰਤਿਕੂਲ ਤੇ ਅਣਸੁਖਾਵੀਆਂ ਸਥਿਤੀਆਂ ਨੂੰ ਮਨੁੱਖੀ ਜ਼ਿੰਦਗੀ ਲਈ ਵੱਖ-ਵੱਖ ਪੱਖਾਂ ਤੋਂ ਸੁਆਰਨ ਦਾ ਇਕ ਕ੍ਰਾਂਤੀਕਾਰੀ ਹਥਿਆਰ ਹੈ। ਦੂਜੇ ਸ਼ਬਦਾਂ ਵਿਚ ਸਾਹਿਤ ਉਸ ਲਈ ਸਮਾਜਿਕ-ਆਰਥਿਕ ਕਾਣੀ-ਵੰਡ ਦੇ ਖਿਲਾਫ ਚਿੰਤਨ ਤੇ ਚੇਤਨਾ ਪਸਾਰੇ ਦਾ ਸ਼ਕਤੀਸ਼ਾਲੀ ਮਾਧਿਅਮ ਹੈ। ਇਹ ਤੱਥ ਉਸ ਦੀਆਂ ਰਚਨਾਵਾਂ ਨੂੰ ਪੜ੍ਹਨ ਉਪਰੰਤ ਆਪ-ਮੁਹਾਰੇ ਉਭਰ ਕੇ ਸਾਹਮਣੇ ਆ ਜਾਂਦਾ ਹੈ।

ਜੇ ਮਾਧੋਪਰੀ- ਸਾਹਿਤ ਉਤ ਪਿੱਛਲਝਾਤ ਮਾਰੀਏਤਾਂ ਸਾਫ ਤੇ ਸਪਸ਼ਟ ਧਾਰਨਾ ਬਣਦੀ ਹੈ ਕਿ ਉਸ ਨੇ ਪ੍ਰਗਤੀਵਾਦੀ, ਮਾਨਵਵਾਦੀ ਤੇ ਸਮਤਾਵਾਦੀ ਵਿਚਾਰਧਾਰਾ ਨੂੰ ਭਰਵਾਂ ਹੁਲਾਰਾ ਦਿੱਤਾ ਹੈ। ਉਹ ਪ੍ਰਤੀਬੱਧ ਸਾਹਿਤਕਾਰ ਦੀ ਭੂਮਿਕਾ ਨਿਭਾਉਂਦਾ 'ਨਿਰਭਉ ਨਿਰਵੈਰ' ਵਿਚਾਰਦਾ ਹੋਇਆ ਕਿਧਰੇ ਵੀ ਭਾਵੁਕ ਜਾਂ ਉਲਾਰ ਹੁੰਦਾ ਪ੍ਰਤੀਤ ਨਹੀਂ ਹੁੰਦਾ। ਉਹ ਰੂੜੀਵਾਦੀ ਤੇ ਪ੍ਰੰਪਰਕ ਸੀਮਾਵਾਂ ਵਿਚ ਬੱਝੀ ਖੁੰਢੀ ਹੋਈ ਸੋਚ ਨੂੰ ਤਰਕ ਦੀ ਸਾਣ ਉਤੇ ਤਿੱਖਾ ਕਰਦਾ ਹੈ। ਮਾਧੋਪੁਰੀ ਆਪਣੀ ਸਿਰਜਣਾ ਦੇ ਗਦ ਤੇ ਪਦ ਦੋਹਾਂ ਵਿਧਾਵਾਂ ਵਿਚ ਬਹੁਜਨਾਂ ਦੀਆਂ ਤੰਗੀਆਂ-ਤੁਰਸ਼ੀਆਂ, ਜਾਤ ਤੇ ਧਰਮ ਦੀਆਂ ਸੌੜੀਆਂ ਵਲਗਣਾਂ, ਥੋਥੇ-ਫੋਕੇ ਨਾਅਰਿਆਂ ਜ਼ਰੀਏ ਫੈਲਾਏ ਜਾਂਦੇ ਝਾਂਸਾ-ਜਾਲ ਵਿਰੁੱਧ ਸ਼ਾਬਦਿਕ ਮਿਸਾਇਲਾਂ ਨਿਸ਼ਾਨਾ ਸੇਧ ਕੇ ਦਾਗਦਾ ਹੈ। ਲੋਕ-ਹਿੱਤਾਂ ਖਾਸ ਤੌਰ ਤੇ ਅਧਿਕਾਰਹੀਣ ਵੰਚਿਤ ਵਰਗਾਂ ਖਾਤਰ ਉਸਦੀ ਕਵਿਤਾ ਜਿਵੇਂ ਆਪੋਜੀਸ਼ਨ ਦੀ ਭੂਮਿਕਾ ਨਿਭਾਉਂਦੀ ਜਾਪਦੀ ਹੈ। ਉਸ ਦੀ ਕਾਵਿ-ਸਿਰਜਣਾ ਦੀ ਵਿਲੱਖਣਤਾ ਇਹ ਹੈ ਕਿ ਉਸ ਵਿਚ ਸਮਾਜ ਦੇ ਕਰੂਰ ਯਥਾਰਥ ਦੀ ਚਿੱਤਰਕਾਰੀ ਹੁੰਦਿਆਂ ਨਿਮਾਣਿਆਂ-ਨਿਤਾਣਿਆਂ, ਬੇਮਾਣਿਆਂ ਤੇ ਸਰਵਹਾਰਾ ਲੋਕਾਂ ਦ ਪੱਖ ਵਿਚ ਭੁਗਤ ਜਾਂਦੀ ਹੈ। ਉਦਾਹਰਣ ਵਜੋਂ, ਵੰਨਗੀ ਮਾਤਰ ਦੇਖੋ ਉਸ ਦੇ ਕਾਵਿ ਸ਼ਬਦ:-

ਕੇਹਾ ਤੇਰਾ ਦੇਸ<br>
ਓ! ਰਾਜਿਆ<br>
ਬਾਹਾਂ ਨਾਲ ਛਾਤੀਆਂ<br>
ਗੋਡਿਆਂ ਨਾ ਢਿੱਡ ਢਕਦੇ ਨੇ ਲੋਕ।<br>
ਜਾਂ<br>
ਪੈਲੀਆਂ ਨੂੰ ਲੱਗ'ਗੀ ਜ਼ਬਾਨ<br>
ਪਟਵਾਰੀਆ<br>
ਚਾੜ੍ਹ ਗਿਰਦੌਰੀ ਸਾਡੇ ਨਾਂ।<br>
ਛੱਡ ਦੇ ਜ਼ਰੀਬਾਂ ਤਰਕੀਬਾਂ<br>
ਪਟਵਾਰੀਆ<br>
ਧਰਤੀ ਦੇ ਪੁੱਤਾਂ ਦਾ ਇਕ ਹੈ ਗਰਾਂ।

ਇਕ ਹੋਰ ਕਾਵਿ ਨਮੂਨਾ ਦਲਿਤ ਦ੍ਰਿਸ਼ਟੀ ਤੋਂ ਦੇਖਿਆ ਜਾ ਸਕਦਾ ਹੈ। ਜਿਵੇਂ ਉਹ ਇਕ ਲੰਮੀ ਕਵਿਤਾ 'ਮਾਂ ਦੱਸਦੀ ਹੈ' ਵਿਚ ਪੇਸ਼ ਕਰਦਾ ਹੈ:-

ਮਾਂ, ਮੈਨੂੰ ਦੱਸਦੀ ਹੈ<br>
ਕੋਈ ਸੋਚ ਉਹਨੂੰ ਪੱਛਦੀ ਹੈ<br>
ਫਿਰ ਵੀ ਦੱਸਦੀ ਹੈ।<br>
ਉਹਨੇ ਉੱਚੀ-ਉੱਚੀ ਪੁਕਾਰਿਆ-<br>
ਮੈਂ ਖੇਤਾਂ ਨੂੰ ਸੁਆਰਿਆ<br>
ਮਹਿਲਾਂ ਨੂੰ ਉਸਾਰਿਆ<br>
ਡੁੱਬਦੇ ਮੁਲਕ ਨੂੰ ਤਾਰਿਆ<br>
ਤੇ ਉਨ੍ਹਾਂ, ਸਹਿਜ ਹੀ ਉਚਾਰਿਆ-<br>
ਤੂੰ ਹੈਂ ਤਾੜਨ ਦਾ ਅਧਿਕਾਰੀ<br>
ਜੁੱਗ-ਜੁੱਗ ਤੇਰੀ<br>
ਸੇਵਾ ਅਧਿਕਾਰ ਦੀ ਵਾਰੀ।

ਜਦੋਂ ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਸੰਨ 2002 ਵਿਚ ਛਪੀ ਤਾਂ ਉਸ ਦਾ ਸ਼ੁਮਾਰ ਦੇਸ਼-ਵਿਦੇਸ਼ ਦੇ ਪ੍ਰਤੀਨਿਧ ਸਾਹਿਤਕਾਰਾਂ ਵਿਚ ਕੀਤਾ ਜਾਣ ਲੱਗ ਪਿਆ। ਦਰਅਸਲ 'ਛਾਂ-ਗਿਆ ਰੁੱਖ' ਵਿਚ ਸਦੀਆਂ ਤੋਂ ਸਮਾਜਿਕ ਅੱਤਿਆਚਾਰਾਂ, ਸੀਨ-ਜ਼ੋਰੀ ਤੇ ਹਰ ਤਰ੍ਹਾਂ ਦੀ ਬੇਇਨਸਾਫੀ ਝੱਲਦੇ ਦਲਿਤ ਵਰਗ ਦੇ ਦੁੱਖਾਂ ਦਰਦਾਂ ਦੀ ਅਕੱਥ-ਕਥਾ ਹੈ। ਉਸ ਵਿਚਲਾ ਕੱਥ ਤੇ ਵੱਥ ਜਿਸ ਜੁਗਤ ਨਾਲ ਪ੍ਰਗਟਾਇਆ ਗਿਆ ਹੈ, ਉਸ ਦੀ ਤੁਲਨਾ ਕਿਸੇ ਹੋਰ ਪੰਜਾਬੀ ਸਾਹਿਤਕ ਰਚਨਾ ਨਾਲ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਪੰਜਾਬੀ ਸਣੇ ਹਿੰਦੀ ਤੇ ਅੰਗਰੇਜ਼ੀ ਵਿਚ ਅਨੇਕ ਨਿਬੰਧ ਵੱਡੇ-ਵੱਡੇ ਸਾਹਿਤਕਾਰਾਂ ਨੇ ਲਿਖੇ ਜੋ ਪੁਸਤਕ ਰੂਪ ਵਿਚ ਉਪਲਬਧ ਹਨ ਅਤੇ ਇੰਟਰਨੈਟ ਉਤੇ ਵੀ। ਸੱਚੀ ਗੱਲ ਤਾਂ ਇਹ ਹੈ ਕਿ ਇਹ ਸਵੈਜੀਵਨੀ ਸਮਾਜ ਨੂੰ ਉਸ ਦੀ ਕਰੂਰ ਤਸਵੀਰ ਨੂੰ ਦਰਸਾਉਂਦੀ ਹੈ ਤੇ ਇਸ ਵਿਚਲਾ ਵਰਣਨ-ਬਿਰਤਾਂਤ ਨਿੱਜ-ਮੁਖੀ ਹੁੰਦਿਆਂ ਹੋਇਆਂ ਸਮੂਹ ਦਲਿਤ ਭਾਈਚਾਰਿਆਂ ਦੀਆਂ ਸਮਕਾਲੀ ਸਥਿਤੀਆਂ-ਪ੍ਰਸਥਿਤੀਆਂ ਦਾ ਬਿਨਾਂ ਕਿਸੇ ਲੱਗ-ਲਪੇਟ ਦੇ ਕੀਤਾ ਸਹਿਜ ਪ੍ਰਗਟਾਅ ਹੈ। ਇਸ ਵਿਚ ਉਸ ਦੀ ਪੇਂਡੂ ਬੋਲੀ, ਸਭਿਆਚਾਰ ਤੇ ਠੇਠ-ਮੁਹਾਵਰੇ ਨੇ ਵੱਡੀ ਸਹਾਇਤਾ ਕੀਤੀ ਹੈ। ਇਸ ਦਾ ਨਤੀਜਾ ਹੈ ਕਿ ਬਲਬੀਰ ਦੀ ਸਵੈਜੀਵਨੀ ਦੇ ਸਮਾਜਿਕ ਸਰੋਕਾਰਾਂ ਨੂੰ ਦੇਖਦਿਆਂ ਇਸ ਦੇ ਕੁਝ ਅਨੁਵਾਦ ਭਾਰਤੀ ਭਾਸ਼ਾਵਾਂ ਸਣੇ ਪਾਕਿਸਤਾਨ ਵਿਚ ਸ਼ਾਹਮੁਖੀ ਵਿਚ ਅਤੇ ਅੰਗਰੇਜ਼ੀ ਵਿਚ ਆਕਸਫੋਰਡ ਯੂਨੀ-ਵਰਸਿਟੀ ਪ੍ਰੈਸ ਵੱਲੋਂ ਸਾਲ 2010 ਵਿਚ ਪ੍ਰਕਾਸ਼ਿਤ ਹੋਏ ਹਨ। ਪੰਜਾਬੀ ਵਿਚ ਦੋ ਪ੍ਰਕਾਸ਼ਕਾਂ ਵੱਲੋਂ ਇਸ ਦੇ ਸੱਤ ਸੰ-ਸਕਰਣ ਛਾਪੇ ਜਾ ਚੁੱਕੇ ਹਨ। ਕੁਝ ਵਿਦਵਾਨ ਇਸ ਸਵੈਜੀਵਨੀ ਨੂੰ ਸਮਾਜਿਕ-ਆਰਥਿਕ ਅਧਿਐਨ ਦੀ ਦ੍ਰਿਸ਼ਟੀ ਨਾਲ ਜੋੜ ਕੇ ਵੇਖਦੇ ਹਨ। ਕਈ ਸਾਹਿਤ ਆਲੋਚਕ ਕਹਿੰਦੇ ਹਨ ਕਿ ਮਾਧੋਪੁਰੀ ਸਮਾਜਿਕ ਬਣਤਰ ਦਾ ਆਲੋਚਕ ਹੈ ਤੇ ਮੱਖੀ ਵਾਂਗ ਵਾਰ-ਵਾਰ ਉਥੇ ਬਹਿੰਦਾ ਹੈ, ਜਿੱਥੇ ਉਸਨੂੰ ਸਮਾਜ ਦਾ ਗੰਦ ਦਿਖਾਈ ਦਿੰਦਾ ਹੈ। ਕੁਝ ਸਾਹਿਤਕਾਰਾਂ ਤੇ ਆਲੋਚਕਾਂ ਨੇ ਕਿਹਾ ਹੈ ਬਲਬੀਰ ਦੀ ਸਵੈਜੀਵਨੀ ਨੇ ਉਸ ਦੀ ਕਵਿਤਾ ਨੂੰ ਪਿਛਾਂਹ ਖਿਸਕਾ ਦਿੱਤਾ ਹੈ। ਕੁਝ ਕੁ ਦਾ ਮੰਨਣਾ ਹੈ ਕਿ ਉਸ ਦੀ ਵਾਰਤਕ ਵਿਚ ਕਾਵਿ-ਤੱਤ ਦੀ ਵੱਡੇ ਪੱਧਰ ਉਤੇ ਨਿਸ਼ਾਨਦੇਹੀ ਕੀਤੀ ਜਾ ਸਕਦੀ ਹ। ਮਾਧੋਪ-ਰੀ ਦਾ ਖੁਦ ਦਾ ਮੰਨਣਾ ਹੈ ਕਿ ਉਸ ਦੀ ਸਵੈਜੀਵਨੀ ਨੇ ਉਸ ਸਾਹਿਤ ਦੀਆਂ ਸਿਖਰਾਂ 'ਤੇ ਪਹੁੰਚਾਇਆ ਹੈ।



ਬਲਬੀਰ ਮਾਧੋਪੁਰੀ ਨੂੰ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ 201!3 ਨਾਲ ਸਨਮਾਨਿਤ ਕਰਦੇ ਅਕਾਦਮੀ ਦੇ ਪ੍ਰਧਾਨ ਪ੍ਰੋ: ਵਿਸ਼ਵਨਾਥ ਪ੍ਰਸਾਦ ਤਿਵਾੜੀ।

**-ਜਗੀਰ ਸਿੰਘ ਨੂਰ (ਡਾ.) 98140-09732**

ਅਗਲਾ ਨੁਕਤਾ ਬਲਬੀਰ ਮਾਧੋਪੁਰੀ ਵੱਲੋਂ ਪੰਜਾਬੀ ਸਾਹਿਤ ਨੂੰ ਅਨੁਵਾਦ ਕਾਰਜਾਂ ਰਾਹੀਂ ਹੋਰ ਭਰਪੂਰ ਕਰਨ ਨਾਲ ਜੁੜਿਆ ਹੋਇਆ ਹੈ। ਅਨੁਵਾਦ ਉਹ ਉਹਨਾਂ ਪੁਸਤਕਾਂ ਦਾ ਕਰਦਾ ਹੈ ਜੋ ਲੋਕਾਂ ਦੀਆਂ ਸਮੱਸਿਆਵਾਂ ਨਾਲ ਜੂਝਦੀਆਂ ਹੋਣ। ਉਸ ਨੇ ਹੁਣ ਤੱਕ 27 ਪੁਸਤਕਾਂ ਦਾ ਪੰਜਾਬੀ ਵਿਚ ਹਿੰਦੀ ਤੇ ਅੰਗਰੇਜ਼ੀ ਤੋਂ ਅਨੁਵਾਦ ਕੀਤਾ ਹੈ। ਜੋ ਵਧੇਰੇ ਚਰਚਾ ਵਿਚ ਅਨੁਵਾਦਿਤ ਪੁਸਤਕਾਂ ਆਈਆਂ- ਉਹ ਹਨ; ਲੱਜਾ (ਤਸਲੀਮਾ ਨਸਰੀਨ), ਐਡਵਿਨਾ ਤੇ ਨਹਿਰੂ (ਕੈਥਰੀਨ ਕਲੈਮਾਂ), ਸ਼ਹੀਦਾਂ ਦੇ ਖਤ, ਕ੍ਰਾਂਤੀਕਾਰੀਆਂ ਦਾ ਬਚਪਨ, ਨਵਾਬ ਰੰਗੀਲੇ, ਮਿੱਟੀ ਬੋਲਦੀ ਹੈ, ਮੇਰਾ ਬਚਪਨ ਮੇਰੇ ਮੋਢੇ, ਕ੍ਰਾਂਤੀਦੂਤ ਅਜ਼ੀਮ-ਉਲਾ ਖਾਂ, ਸੁਭਾਸ਼ ਨੀਰਵ ਦੀਆਂ ਚੋਣਵੀਆਂ ਕਹਾਣੀਆਂ ਆਦਿ। ਇਕ ਹੋਰ ਅਨੁਵਾਦਿਤ ਪੁਸਤਕ ਹੈ- ਰਾਜਕਮਲ ਚੌਧਰੀ ਦੀਆਂ ਚੋਣਵੀਆਂ ਕਹਾਣੀਆਂ, ਜਿਸ ਉਤੇ ਬਲਬੀਰ ਮਾਧੋਪੁਰੀ ਨੂੰ ਸਾਹਿਤ ਅਕਾਦਮੀ ਵੱਲੋਂ ਸਾਲ 2013 ਦਾ ਅਨੁਵਾਦ ਪੁਰਸਕਾਰ 22 ਅਗਸਤ, 2014 ਨੂੰ ਗੁਹਾਟੀ ਵਿਖੇ ਦਿੱਤਾ ਗਿਆ। ਉਸ ਕੋਲ ਜੇ ਕੋਈ ਰਚਨਾ ਸਿੱਧੀ ਜਾਂ ਦੂਜੀ-ਤੀਜੀ ਭਾਸ਼ਾ ਰਾਹੀਂ ਯਾਤਰਾ ਕਰਕੇ ਪਹੁੰਚਦੀ ਹੈ ਤੇ ਉਸ ਵਿਚ ਥੋੜ੍ਹੀ-ਬਹੁਤ ਕਮੀ ਹੁੰਦੀ ਹੈ ਤਾਂ ਉਹ ਸੁਹਿਰਦ ਕੋਸ਼ਿਸ਼ ਨਾਲ ਅਸਲ ਮੁਹਾਂਦਰੇ ਵਾਂਗ ਮੂਰਤੀਮਾਨ ਕਰ ਦੀ ਸਮਰੱਥਾ ਰੱਖਦਾ ਹੈ। ਗੱਲਬਾਤ ਦੌਰਾਨ ਉਸ ਨੇ ਇਕ ਵਾਰ ਦੱਸਿਆ ਕਿ ਕਦੀ-ਕਦੀ ਉਹ ਆਪਣੇ ਸਾਹਿਤਕਾਰ ਸਾਥੀਆਂ ਨੂੰ ਕਿਸੇ ਕਹਾਣੀ ਜਾਂ ਨਾਵਲੀ ਅੰਸ਼ ਦਾ ਅਨੁਵਾਦ ਸੁਣਾਉਂਦਾ ਹੈ ਤਾਂ ਉਹ ਅੱਗੋਂ ਕਹਿੰਦੇ ਹਨ, ਬੜਾ ਛੁਪਿਆ ਰੁਸਤਕ ਨਿਕਲਿਆ ਯਾਰ, ਕਹਾਣੀ-ਨਾਵਲ ਲਿਖ ਲਏ ਤੇ ਭਿਣਕ ਵੀ ਪੈਣ ਨਹੀਂ ਦਿੱਤੀ। ਸੰਖੇਪ ਵਿਚ ਉਹ ਭਾਰਤੀ ਤੇ ਵਿਦੇਸ਼ੀ ਸਾਹਿਤ ਵਿਚਾਲੇ ਸਾਹਿਤ, ਸਭਿਆਚਾਰਕ ਤੇ ਸਮਾਜਿਕ-ਆਰਥਿਕ ਸਥਿਤੀਆਂ ਨੂੰ ਪਾਠਕਾਂ ਸਾਹਮਣੇ ਰੱਖ ਕੇ ਪੁਲ ਦਾ ਨਿਰਮਾਣ ਕਰਦਾ ਹੈ। ਉਸ ਨੇ ਹੋਰ ਵੀ ਦੱਸਿਆ ਕਿ ਸੋਵੀਅਤ ਸਾਹਿਤ ਵਿਚਲੀ ਯਥਾਰਥਵਾਦੀ ਤੇ ਮਾਨਵਵਾਦੀ ਦ੍ਰਿਸ਼ਟੀ ਉਸ ਦੀ ਮੌਲਿਕ ਤੇ ਅਨੁਵਾਦ ਕਾਰਜਾਂ ਅਤੇ ਪੱਤਰਕਾਰੀ ਦਾ ਪ੍ਰੇਰਨਾ ਸਰੋਤ ਹੈ। ਉਹ ਉਹਨਾਂ ਰਚਨਾਵਾਂ-ਗ੍ਰੰਥਾਂ ਨੂੰ ਰੱਦ ਕਰਦਾ ਹੈ ਜੋ ਮਨੁੱਖ ਨੂੰ ਮਨੁੱਖ ਲਈ ਗੁਲਾਮ ਬਣਾਉਣ ਦੀ ਮਨਸ਼ਾ ਰੱਖਦੇ ਹਨ।

ਇਉਂ ਹੀ ਉਸ ਦੀ ਪੱਤਰਕਾਰੀ ਵਿਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਸਬੰਧੀ ਚਿੰਤਾਵਾਂ ਦਾ ਪ੍ਰਗਟਾਵਾ ਹੈ, ਭਾਵੇਂ ਉਹ ਲੋਕਾਂ ਦੀ ਸਿਹਤ, ਸਿੱਖਿਆ, ਰੁਜ਼ਗਾਰ, ਜੰਗਾਂ ਦੇ ਵਿਚਾਰ ਤੇ ਹਥਿਆਰ ਦੌੜ ਦੇ ਮਸਲੇ ਦੇ ਨਾਲ-ਨਾਲ ਵਾਤਾਵਰਣ ਤੇ ਸਮਾਜਿਕ ਆਰਥਿਕ ਪਛੜੇਵੇਂ ਦੇ ਮੁੱਦੇ ਹੋਣ। ਉਹ ਇਕ ਧਿਰ ਬਣ ਕੇ 'ਲੋਕਾਂ ਦੇ ਬੰਦੇ' ਵਜੋਂ ਆਮ ਆਦਮੀ ਨਾਲ ਖੜ੍ਹਾ ਹੁੰਦਾ ਹੈ। ਇਸ ਸਭ ਕਾਸੇ ਦੇ ਪਿੱਛੇ ਉਸ ਦਾ ਵਿਗਿਆਨਕ ਨਜ਼ਰੀਆ ਕਾਰਜਸ਼ੀਲ ਰਹਿੰਦਾ ਹੈ ਤੇ ਆਪਣੀ ਵਿੱਤ ਮੂਜਬ ਜ਼ੋਰਾਵਰਾਂ, ਧੱਕੜਸ਼ਾਹਾਂ ਤੇ ਜਗੀਰੂ ਰਹਿੰਦ-ਖੂੰਹਦ ਰੁਚੀ ਵਿਰੁੱਧ ਲਗਾਤਾਰ ਮੋਰਚਾ ਲਾਉਂਦਾ ਹੈ।

ਬਲਬੀਰ ਨੇ ਇਕ ਵਾਰ ਇਹਨਾਂ ਸੱਤਰਾਂ ਦੇ ਲੇਖਕ ਨੂੰ ਦੱਸਿਆ ਕਿ 1980-90 ਵਿਆਂ ਦੌਰਾਨ ਉਸ ਦੇ ਕਈ ਲੇਖਕ ਸਾਥੀ ਉਸ ਨੂੰ 'ਸੋਵੀਅਤ ਪੱਤਰਕਾਰ' ਕਹਿ ਕ ਸੰਬੋਧਨ ਕਰਦੇ, ਇਕ ਤਰ੍ਹਾਂ ਮਸ਼ਕੂਲਾ ਕਰਦੇ ਹੁੰਦੇ ਸਨ। ਪਰ ਬਲਬੀਰ ਆਪਣੀ ਧੁਨ ਵਿਚ ਲੋਕਾਂ ਲਈ ਗੀਤ ਗਾਉਂਦਾ ਰਿਹਾ। ਉਸ ਦੀ ਇਹ ਬਿਰਤੀ ਤੇ ਪ੍ਰਵਿਰਤੀ ਅੱਜ ਤੱਕ ਬਿਨਾਂ ਕਿਸੇ ਵਿਘਨ ਦੇ ਜਾਰੀ ਹੈ। ਦੱਸਣਾ ਦਰੁਸਤ ਹੋਵੇਗਾ ਕਿ ਬਲਬੀਰ ਨੇ ਬਾਲ ਤੇ ਬਾਲਗ ਮਜ਼ਦੂਰੀ ਕਰਕੇ ਉੱਚ ਸਿੱਖਿਆ ਹਾਸਲ ਕੀਤੀ ਤੇ ਇਸ ਵੇਲੇ ਉਹ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮਾਸਿਕ ਮੈਗਜ਼ੀਨ ਯੋਜਨਾ (ਪੰਜਾਬੀ) ਦਾ ਸੰਪਾਦਕ ਹੈ। ਉਸ ਨੂੰ ਕੁਝ ਸਰਕਾਰੀ ਤੇ ਗੈਰ ਸਰਕਾਰੀ ਪੁਰਸਕਾਰਾਂ ਨਾਲ ਸਨਮਾਨਿਆ ਗਿਆ ਹੈ। ਇਉਂ ਉਸ ਨੇ ਪੱਛੜੇ ਹੋਏ ਪਿੰਡ ਮਾਧੋਪੁਰ (ਜਲੰਧਰ) ਤੋਂ ਉਠ ਕੇ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

# ਏ- 9 ਗਰੀਨ ਪਾਰਕ, ਚਾਹਲ ਨਗਰ, ਫਗਵਾੜਾ

ਖੁਸ਼ਖਬਰੀ **ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ** ਖੁਸ਼ਖਬਰੀ

**ARMAAN MUSIC PRODUCTION STUDIO**

ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਸਾਡੇ ਕੋਲ ਪੂਰੇ ਹੈ ਹਾਈਟੈਕ Equipment ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-242-3642**

Email:- NEWZINDGI@GMAIL.COM

# ਵਰਤਮਾਨ ਸਮੱਸਿਆਵਾਂ-ਸਮਾਧਾਨ ਤੇ ਗਿ. ਦਿੱਤ ਸਿੰਘ ਜੀ



ਡਾ. ਇੰਦਰਜੀਤ ਸਿੰਘ ਗੋਗਿਆਣੀ
ਖਾਲਸਾ ਕਾਲਜ, ਅੰਮ੍ਰਿਤਸਰ

ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਤ ਜਿਹੇ ਸਮੇਂ ਵਿਚ ਹੈ, ਪਰ ਅਪ ਦੀ ਕਰਨੀ ਹੈਰਾਨੀ-ਜਨਕ ਹੈ। ਆਪ ਇਕ ਅਨਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਹਨਾਂ ਨੇ ਸਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ ਸੀ। ਇਕ ਸਦੀ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਹਨਾਂ ਦੀਆਂ ਰਚ-ਨਾਵਾਂ ਦੀ ਅਹਿਮੀਅਤ ਸਦਾ ਰਹੇਗੀ, ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਹਨਾਂ 'ਗੁੱਗਾ-ਗਪੌੜਾ' ਪੁਸਤਕ ਵਿਚ ਪੇਸ਼ ਕੀਤੀ ਹੈ

ਦੇਖੋ ਮੂਰਖ ਦੇਸ਼ ਅਸਾਡਾ
ਕਿਕੁਰ ਡੁੱਬਦਾ ਜਾਂਦਾ
ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ
ਆਪਨੇ ਪੀਰ ਬਣਾਂਦਾ।

ਇੱਧਰ ਗੁਰਾਂ ਦੇ ਨਾਂ ਉਤੇ ਜਿਉਂਦੇ ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20 ਕਿਲੋਮੀਟਰ ਉਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜ਼ਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿਟਕਾਰਾਂ ਪਾਈਆਂ ਹਨ।

ਗੁਰਮਤਿ ਕੋ ਆਦਰ ਨਹੀਂ,
ਅਨਮਤੋਂ ਕੇ ਦਾਸ।
ਕਹੋ ਭਲਾ ਇਸ ਕਰਮ ਤੇ,
ਕਿਉਂ ਹੋ ਕਾਰਜ ਰਾਸ?
ਗੁਰੂ ਗ੍ਰੰਥ ਕੁਛ ਕਹਤ ਹੈ,
ਯਹ ਕਰਹੈਂ ਕੁਛ ਔਰ।
ਕਹੋ ਅਜੇਹਾ ਖਾਲਸਾ,
ਕਿਉਂ ਪਾਵੇ ਗੁਰ ਠੌਰ।
ਕਹਨੀ ਸੂਰਤ ਸਿੰਘ ਕੀ,
ਰਹਨੀ ਗੀਦੜ ਦੇਖ।
ਗੁਰ ਆਗਯਾ ਕਰ ਭੰਗ ਇਨ,
ਹਰ ਲੀਨੇ ਨਿਜ ਲੇਖ।
ਗੁਰੂ ਬਨਾਏ ਔਰ ਥੇ,
ਇਹ ਬਨ ਬੈਠੇ ਔਰ।
ਬਨੇ ਭੂੰਡ ਯਹ ਗੋਬਰੀ,
ਗੁਰ ਕੀਨੇ ਥ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੋ ਫਿਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿਆਨੀ ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿਚ ਸਾਡੇ ਦੇਸ਼ ਦੀ ਹੀ ਤਸਵੀਰ ਪੇਸ਼ ਕੀਤੀ ਹੈ-

ਜਿਸ ਤੇ ਜਿਸ ਨੇ ਜੋ ਕਹਾ,
ਮਾਨ ਗਏ ਮਤ ਹੀਨ।
ਤਿਸ ਹੀ ਪਰ ਦ੍ਰਿੜ ਹੋ ਗਏ,
ਜਾਣਹਿ ਤੱਤ ਕਬੀਨ।
ਇਸੀ ਵਾਸਤੇ ਦੇਸ ਇਹ,
ਗਿਆ ਅਧੋਗਤਿ ਮਾਹਿ।
ਅਪਨੀ ਬੁੱਧੀ ਰਹੀ ਜਦ,
ਇਨ ਲੋਗਨ ਸਿਰ ਨਾਹਿ।



ਗਿ. ਦਿੱਤ ਸਿੰਘ ਜੀ

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਤੇ ਹੀ ਨਾ ਰਹੀ ਤਾਂ ਸਾਰਾ ਦੇਸ਼ ਅਧੋਗਤੀ ਵਿਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ ਤਾਂ ਇੱਥੇ ਗੈਰ-ਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿਚ ਇਸ ਦਾ ਵੇਰਵਾ ਵਰਤਮਾਨ ਸਮੇਂ ਉਤੇ ਸਹੀ ਢੁੱਕਦਾ ਹੈ-

ਸਾਰਾ ਜਗਤ ਖੁਸ਼ੀ ਹੈ ਵੱਸਦਾ।
ਆਪਣੇ ਰੰਗਾਂ ਅੰਦਰ ਰੱਸਦਾ।
ਪਰ ਨਾ ਕਿਸੇ ਪਕੜਦਾ ਮੀਆਂ।
ਸੁੱਖ ਤੇ ਵੱਸਣ ਮਾਵਾਂ ਧੀਆਂ।
ਪਰ ਇਹ ਸਿੱਖ ਨਮਾਣੇ ਚਾਇ।
ਤੁਰਤ ਪੀਰ ਨੇ ਪਕੜੇ ਆਇ।
ਫਿਰਨ ਮਰਦ ਪਕੜੀਆਂ ਨਾਰਾਂ।
ਕਰਦਾ ਮਨ ਭਾਵੰਦੀ ਮਾਰਾਂ।
ਨਹੀਂ ਇਹਨਾਂ ਨੂੰ ਛੱਡੇ ਉਹ।
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿਚ ਕਈ ਥਾਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿਚ ਸਮਾਜ ਨੂੰ ਠੱਗਿਆ ਤੇ ਗੁੰਮਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,
ਜੁਦੇ ਜੁਦੇ ਹੁਇ ਜਾਤ।
ਪਰ ਅੰਦਰ ਮੈਂ ਹੋਤ ਹੈ,
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸਾ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣੇ ਜਾਲ ਵਿਚ ਫਸਾ ਲਈ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨ-

ਰੀਠੇ ਮੀਠੇ ਬੇਰ ਸਮ,
ਦੇਖਣ ਕੋ ਮਿਲ ਜਾਤ।
ਤਿਉਂ ਦੁਰਜਨ ਸਮ ਸੁਜਨ ਕੇ,
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਣਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿਚ ਇਸ ਦਾ ਵੇਰਵਾ ਇਉ ਦਿੱਤਾ ਹੈ-

ਇਸ ਅਗਯਾਨ ਨਚਾਇਆ,
ਇਹ ਸਾਰਾ ਸੰਸਾਰ।
ਵੱਡੇ-ਵੱਡੇ ਪੰਡਤ ਕਰੇ,
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿਚ ਘੁੰਮਦਾ, ਮੰਤਰਾਂ-ਜੰਤਰਾਂ, ਤੰਤਰਾਂ ਦੇ ਭਰਮ ਜਾਲ ਵਿਚ ਆ ਉਲਝਦਾ ਹੈ। ਇਹ ਰੁਝਾਨ ਅਜੋਕੇ ਸਮੇਂ ਵਿਚ ਹੋਰ ਵੀ ਖਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ-ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿਚ ਇਹ ਪਾਖੰਡ ਕਰਮ ਨੂੰ ਇਉ ਉਘਾੜਿਆ ਹੈ-

ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,
ਜੋ ਇਨ ਮਹਿ ਕਛੁ ਹੋਇ।
ਹਜਰਤ ਹੈ ਆਪਹਿ ਰਵਹਿ,
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਦੇ ਗੁਰੂ ਉਤੇ ਮਾਣ ਕਰਨਾ ਦੱਸਿਆ ਹੈ-

ਕਿਆ ਗੁਰ ਤੇ ਇਹ ਜੋਰਾਵਰ ਹੈ।
ਮੜੀਆਂ ਦੇ ਵਿਚ ਜਿਸ ਦਾ ਘਰ ਹੈ।

ਸਭ ਤੋਂ ਵੱਡੀ ਗੱਲ ਕਿ ਉਹਨਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣ ਅਮੀਰ ਧਰਮ ਸਿਧਾਂਤ ਉਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵ-ਾਇਆ ਹੈ। ਜਿਵੇਂ-

ਦਸਮੇ ਗੁਰ ਦੀ ਓਟ ਲੈ,
ਤੇਗ ਗਿਆਨ ਦੀ ਕੱਢ।
ਇਸ ਮੀਏਂ ਸੁਲਤਾਨ ਦਾ,
ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ)

ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਹਨਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖਾਲਸਾ ਅਖਬਾਰ ਲਾਹੌਰ' ਵਿਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਹਨਾਂ ਦੇ ਕੌਮੀ ਦਰਦ ਦੇ ਗਵਾਹ ਹਨ। ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ' ਵਿਚ ਇਉਂ ਸਮਝਾਉਂਦੇ ਹਨ-

ਪਰ ਤੂੰ ਦੇਖੀਂ ਵਾਂਗ ਗਵਾਰਾਂ,
ਧੋਖਾ ਨਾ ਖਾ ਜਾਈਂ।
ਲੱਡੂ ਪੇੜੇ ਛੱਡ ਪਿਛਾਹਾਂ,
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਅਡੰਬਰ ਵੇਖ ਕੇ ਵਿਸ਼ਵਾਸ ਨਾਂ ਕਰਿਓ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ
ਜੋ ਕਰਕੇ ਵਿਸ਼ਵਾਸ।
ਹਾਨ ਲਾਭ ਅਪਨੀ ਚਹੇ,
ਸੋ ਮੂਰਖ ਦੁਖ ਰਾਸ।

ਜੇ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਗਿਆਨੀ ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸਰੋਤ ਹੈ। ਹੱਦਾਂ ਬੰਨੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ-

ਅੰਮ੍ਰਿਤ ਛਕ ਕੇ
ਦਸਮੇਂ ਗੁਰ ਕੇ ਪੂਰੇ ਸਿੰਘ ਸਦਾਵੋ।
ਪੀਰਾਂ-ਮੀਰਾਂ ਅੱਗੇ ਮੁੜ ਕੇ,
ਕਦੇ ਨਾ ਸੀਸ ਝੁਕਾਵੋ।
ਵਾਹਿਗੁਰੂ ਦੀ ਫਤੇ ਬੁਲਾ ਕੇ,
ਮੜ੍ਹੀ ਮਸਾਣ ਉਠਾਓ।
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,
ਬਾਣੀ ਮੈ ਮਨ ਲਾਓ।

# ਮਨੁੱਖੀ ਅਧਿਕਾਰਾਂ ਦੇ ਮਸੀਹਾ ਭਾਈ ਖਾਲੜਾ ਦੀ 19ਵੀ ਸ਼ਹਾਦਤ ਦੇ ਸਮਾਗਮ ਮਨਾਏ ਗਏ

**ਫਰੀਮਾਂਟ (ਬਲਵਿੰਦਰਪਾਲ ਸਿੰਘ ਖ਼ਾਲਸਾ)** ਮਨੁੱਖੀ ਅਧਿਕਾਰਾਂ ਲਈ ਜਾਨ ਦੀ ਬਾਜ਼ੀ ਲਾ ਦੇਣ ਵਾਲੇ ਮਹਾਨ ਸੂਰਮੇ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਸਲ, ਪ੍ਰਬੰਧਕ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਬੀਤੇ ਐਤਵਾਰ ਇਕ ਵਿਸ਼ੇਸ਼ ਸਮਾਗਮ ਕਰਵਾਇਆ। ਸ਼ੁੱਕਰਵਾਰ ਵਾਲੇ ਦਿਨ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਈ,ਜਿਸਦੀ ਸੰਪੂਰਨਤਾ ਐਤਵਾਰ ਦੇ ਵਿਸ਼ੇਸ ਦੀਵਾਨ ਵਿਚ ਹੋਈ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਗਰੰਥੀ ਭਾਈ ਗੁਰਪ੍ਰੀਤ ਸਿੰਘ ਅਤੇ ਜਗਤਾਰ ਸਿੰਘ ਹੁਰਾਂ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



ਨੌਜਵਾਨ ਕਥਾਕਾਰ ਭਾਈ ਇਕਬਾਲ ਸਿੰਘ ਨੇ ਆਪਣੀ ਕਥਾ ਵਿਚ ਸ਼ਹਾਦਤ ਦੇ ਸੰਕਲਪ, ਸਿੱਖੀ ਵਿਚ ਮਨੁੱਖੀ ਅਧਿਕਾਰਾਂ ਲਈ ਕੀਤੇ ਜਾਂਦੇ ਉਚ ਸਤਿਕਾਰ ਤੇ ਭਾਈ ਜਸਵੰਤ ਸਿੰਘ ਖਾਲੜਾ ਦੀ ਉਚ ਸ਼ਹਾਦਤ ਅਤੇ ਉਨਾਂ ਨੂੰ ਸ਼ਹੀਦ ਕਰਨ ਵਾਲੇ ਜ਼ਾਲਮਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਭਾਈ ਖਾਲੜਾ ਜੀ ਦੇ ਜੀਵਨ ਦੀ ਕੁਰਬਾਨੀ ਬਾਰੇ ਵਿਸ਼ੇਸ਼ ਚਾਨਣਾ ਪਾਇਆ। ਇਸ ਉਪਰੰਤ ਸਟੇਜ ਸਕੱਤਰ ਭਾਈ ਅਮਰਦੀਪ ਸਿੰਘ ਪੁਰੇਵਾਲ ਹੁਰਾਂ ਸੰਗਤਾਂ ਨੂੰ ਭਾਈ ਖਾਲੜਾ ਜੀ ਦੇ ਆਖਰੀ ਵੀਚਾਰਾਂ ਵਾਲੀ ਕੈਨੇਡਾ ਵਿਚਲੀ, ਇਕ ਵੀਡੀਉ ਫਿਲਮ ਉਨਾਂ ਦੀ ਆਪਣੀ ਜ਼ੁਬਾਨੀ ਸੰਗਤਾਂ ਨੂੰ ਵਡੇ ਪਰਦੇ ਉਤੇ ਵੇਖਣ ਲਈ ਬੇਨਤੀ ਕੀਤੀ। ਉਹ ਬਹੁਤ ਜਜ਼ਬਾਤੀ ਤੇ ਪਵਿੱਤਰ ਵੀਚਾਰਾਂ ਵਾਲੀ ਫਿਲਮ ਹੈ। ਖਾਲੜਾ ਸਾਹਿਬ ਆਪ ਆਪਣੀ ਜ਼ਬਾਨੀ ਆਪਣੇ ਵਾਸਤੇ ਸ਼ਹਾਦਤ ਦੀ ਬਖਸ਼ਿਸ਼ ਲਈ ਸਤਿਗੁਰਾਂ ਅੱਗੇ ਬੇਨਤੀ ਕਰਦੇ ਹਨ।ਜਦ ਉਹ ਇਹ ਕਹਿੰਦੇ ਹਨ ਤਾਂ ਸਾਰੇ ਦੀਵਾਨ ਵਿਚ ਸੰਗਤਾਂ ਸਾਹ ਹੀ ਰੋਕ ਲੈਂਦੀਆਂ ਹਨ। ਵੀਹ ਮਿੰਟ ਦੀ ਇਸ ਫਿਲਮ ਵਿਚ ਖਾਲੜਾ ਸਾਹਿਬ ਉਨਾਂ ਹਜ਼ਾਰਾਂ ਸਿੱਖਾਂ ਬਾਰੇ ਤੱਥ ਪੇਸ਼ ਕਰਦੇ ਹਨ,ਜਿਹੜੇ ਭਾਰਤ ਸਰਕਾਰ ਨੇ ਪੁਲੀਸ ਰਾਹੀਂ ਜ਼ਬਰਦਸਤੀ ਪੁਲੀਸ ਰਾਹੀਂ ਚੁਕਵਾ ਕੇ ਝੂਠਿਆਂ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰਕੇ ਲਾਵਾਰਸ ਕਹਿ ਕੇ ਸਾੜ ਦਿੱਤੇ ਤੇ ਕੋਈ ਸਬੂਤ ਨਾਂ ਛੱਡਿਆ। ਇਨਾਂ ਦੀ ਗਿਣਤੀ ਭਾਈ ਖਾਲੜਾ ਪੱਚੀ ਹਜ਼ਾਰ ਦੱਸਦੇ ਸਨ। ਵੀਡੀਉ ਫਿਲਮ ਤੋਂ ਬਾਦ ਖਾਲਿਸਤਾਨ ਦੇ ਸ਼ਹੀਦ ਪਰਵਾਰਾਂ ਵੱਲੋਂ ਭਾਈ ਬਲਵਿੰਦਰਪਾਲ ਸਿੰਘ ਖ਼ਾਲਸਾ ਨੇ ਖਾਲੜਾ ਸਾਹਿਬ ਦੇ ਮੁੱਖ ਉਦੇਸ਼ ਮਨੁੱਖੀ ਅਧਿਕਾਰਾਂ ਬਾਰੇ, ਭਾਈ ਖਾਲੜਾ ਦੇ ਸਿੱਖੀ ਸਿਦਕ ਤੇ ਕੁਰਬਾਨੀ ਬਾਰੇ ਵਿਸ਼ੇਸ਼ ਚਰਚਾ ਕਰਦਿਆਂ ਕਿਹਾ ਕਿ ਭਾਈ ਖਾਲੜਾ ਦੀ ਸ਼ਹਾਦਤ ਇਸ ਤਕਨਾਲੋਜੀ ਦੇ ਜ਼ਮਾਨੇ ਵਿਚ ਏਨੀ ਮਹਾਨ ਹੈ ਕਿ ਬਹੁਤੀ ਵਾਰ ਉਸ ਸ਼ਹੀਦੀ ਦੀ ਵਿਆਖਿਆਂ ਲਈ ਲਫਜ਼ ਲੱਭਣੇ ਔਖੇ ਹੋ ਜਾਂਦੇ ਨੇ। ਭਾਈ ਖਾਲੜਾ ਇੰਗਲੈਂਡ ਤੇ ਕੈਨੇਡਾ ਵੀ ਆਏ। ਇੰਗਲੈਂਡ ਪੱਕੇ ਵੀ ਹੋ ਗਏ ਪਰ ਭਾਰਤ ਸਰਕਾਰ ਦੁਆਰਾ ਲਾਵਾਰਿਸ ਐਲਾਨ ਕੇ ਸ਼ਹੀਦ ਕਰ ਦਿਤੇ ਗਏ ਸਿੱਖਾਂ ਦੀ ਖੋਜ ਦਾ ਨਿਸ਼ਾਨਾ ਉਨਾਂ ਨੂੰ ਵਾਪਸ ਪੰਜਾਬ ਲੈ ਗਿਆ, ਜਿਥੇ ਉਨਾ ਦੀ ਆਪਣੀ ਸ਼ਹਾਦਤ ਦੇਣੀ ਪਈ। ਉਹ ਕਿਸੇ ਲਾਲਚ ਵਿਚ ਨਹੀਂ ਆਏ ਤੇ ਨਾ ਹੀ ਕਿਸੇ ਕਿਸਮ ਦਾ ਸਮਝੌਤਾ ਕੀਤਾ।







ਉਰਪੰਤ ਭਾਈ ਖਾਲੜਾ ਸਾਹਿਬ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਨੇ ਸੰਗਤਾਂ ਨਾਲ ਆਪਣੇ ਪਿਤਾ ਦੀ ਸ਼ਹਾਦਤ ਬਾਰੇ ਵਿਸ਼ੇਸ਼ ਵੀਚਾਰ ਸੰਗਤਾਂ ਨਾਲ ਸਾਂਝੇ ਕੀਤੇ।ਉਨਾਂ ਕਿਹਾ ਕਿ ਉਨਾਂ ਦੇ ਪਿਤਾ ਵੱਖਰੀ ਕਿਸਮ ਦੇ ਪਿਤਾ ਸਨ, ਜੋ ਆਪਣੇ ਬੱਚਿਆਂ ਨੂੰ ਬੇਹੱਦ ਪਿਆਰ ਕਰਦੇ ਸਨ ਪਰ ਮੋਹ ਤੋਂ ਉਪੱਰ ਉਠ ਗਏ ਸਨ।ਉਨਾਂ ਆਪ ਆਪਣੀ ਇੱਛਾ ਤੇ ਮਰਜ਼ੀ ਨਾਲ ਮਨੁੱਖੀ ਅਧਿਕਾਰਾਂ ਲਈ ਜਾਨ ਦੇ ਦਿੱਤੀ।

ਤੇ ਜੇ ਅਸੀਂ ਸਦਾ ਵਾਸਤੇ ਜ਼ੁਲਮ ਦਾ ਖਾਤਮਾ ਚਾਹੁੰਦੇ ਹਾਂ ਤਾਂ ਸਾਨੂੰ ਹਲੇਮੀ ਰਾਜ ਦੇ ਸੰਕਲਪ ਵੱਲ ਮੋੜਾ ਪਾਉਂਦਿਆਂ ਬ੍ਰਾਹਮਣਵਾਦੀ ਤੇ ਵਡੀ ਸਰਮਾਏਦਾਰੀ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਪਏਗਾ।ਹਲੇਮੀ ਰਾਜ ਦਾ ਸੰਕਲਪ ਲੋਕ ਰਾਜ ਨਾਲੋਂ ਨਿਵੇਕਲਾ ਤੇ ਵਡੇ ਗੁਣਾਂ ਵਾਲਾ ਹੈ।ਹਲੇਮੀ ਰਾਜ ਮਨੁਖਤਾ ਦੇ ਭਲੇ ਦਾ ਸਿੱਖ ਸਿਧਾਂਤ ਹੈ ਜਿਸ ਬਿਨਾ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ।

ਉਪਰੰਤ ਸਕੱਤਰ ਭਾਈ ਅਮਰਦੀਪ ਸਿੰਘ ਨੇ ਕਿਹਾ ਕਿ ਜੋ ਕਾਰਜ ਭਾਈ ਖਾਲੜਾ ਹੁਰਾਂ ਅਰੰਭਿਆ ਸੀ ਉਸਨੂੰ ਇਨਸਾਫ ਨਾਮ ਦੀ ਅਮਰੀਕੀ ਜਥੇਬੰਦੀ ਛੇਤੀ ਹੀ ਪੂਰਾ ਕਰਨ ਜਾ ਰਹੀ ਹੇ, ਉਸਦੀ ਡਾਰਿਰੈਕਟਰ ਬੀਬੀ ਜਸਕਰਨ ਕੌਰ ਇਕ ਦਹਾਕੇ ਤੋਂ ਇਸ ਪਵਿੱਤਰ ਕਾਰਜ ਵਿਚ ਸਿਰੜ ਨਾਲ ਜੁੱਟੀ ਹੋਈ ਹੈ ਤੇ ਸਾਨੂੰ ਉਸਦੀ ਸਹਾਇਤਾ ਕਰਨੀ ਚਾਹੀਦੀ ਹੈ। ਇਸ ਤੋਂ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਵਿੰਦਰ ਸਿੰਘ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਨਾਲ ਰੱਬੀ ਬਾਣੀ ਨਾਲ ਜੋੜਿਆ।

ਉਪਰੰਤ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਬੀਬੀ ਨਵਕਿਰਨ ਕੌਰ ਖਾਲੜਾ ਨੂੰ ਸੰਗਤ ਸਨਮਾਨ ਸਿਰੋਪਾਉ ਦੀ ਬਖਸ਼ਿਸ਼ ਤੇ ਯਾਦਗਾਰੀ ਪਲਾਕ ਨਾਲ ਸਨਮਾਨਿਤ ਕੀਤਾ ਗਿਆ।

# ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਰਜਿ: ਯੂ. ਐਸ. ਏ. ਵੱਲੋਂ



ਪ੍ਰੋ: ਮੋਹਨ ਸਿੰਘ

## 36ਵਾਂ ਪ੍ਰੋ. ਮੋਹਨ ਸਿੰਘ ਯਾਦਗਾਰੀ ਅੰਤਰਰਾਸ਼ਟਰੀ ਪੰਜਾਬੀ ਪਰਿਵਾਰਕ ਮੇਲਾ ਮਿਤੀ 4 ਅਤੇ 5 ਅਕਤੂਬਰ ਨੂੰ ਲੈਥਰੋਪ ਹਾਈ ਸਕੂਲ "ਸਿਟੀ ਲੈਥਰੋਪ" ਕੈਲੀਫੋਰਨੀਆ ਵਿਖੇ ਕਰਵਾਇਆ ਜਾਵੇਗਾ

ਫਰੀ ਐਂਟਰੀ | ਫਰੀ ਪਾਰਕਿੰਗ | ਫਰੀ ਐਂਟਰੀ | ਫਰੀ ਪਾਰਕਿੰਗ



ਜਿੰਦਾਦਿਲ
ਸ. ਜਗਦੇਵ ਸਿੰਘ ਜੱਸੋਵਾਲ



ਜਿਥੇ ਪੰਜਾਬੀ ਸੱਭਿਅਚਾਰਕ ਮੇਲਿਆਂ ਦੇ ਬਾਬਾ ਬੋਹੜ, ਸ੍ਰੀਮਾਨ ਸਤਿਕਾਰਯੋਗ "ਜਗਦੇਵ ਸਿੰਘ ਜੱਸੋਵਾਲ" ਜੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਹ ਮੇਲਾ ਅਮਰੀਕਾ ਦੀ ਧਰਤੀ 'ਤੇ ਪਹਿਲੀ ਵਾਰ ਸ਼ੁਰੂ ਕੀਤਾ ਜਾ ਰਿਹਾ ਹੈ। ਤੁਹਾਡੇ ਸਹਿਯੋਗ ਦੀ ਬੇਹੱਦ ਲੋੜ ਹੈ, ਤੁਸੀਂ ਇਸ ਮੇਲੇ ਲਈ 4 ਅਤੇ 5 ਅਕਤੂਬਰ ਦਿਨ ਰਾਖਵੇਂ ਰੱਖਣੇ ਹਨ, ਉਥੇ ਹੀ ਪ੍ਰਬੰਧਕੀ ਕਾਰਜਾਂ ਵਿਚ ਵੀ ਤੁਹਾਡੇ ਸਹਿਯੋਗ ਦੀ ਬੇਹੱਦ ਲੋੜ ਹੈ। ਆਸ ਕਰਦੇ ਹਾਂ ਕਿ ਤੁਸੀਂ ਤਨ, ਮਨ, ਧਨ ਨਾਲ ਅੱਗੇ ਹੋ ਕੇ ਸਹਿਯੋਗ ਦੇਵੋਗੇ।



## 4 ਅਕਤੂਬਰ ਦਿਨ ਸ਼ਨੀਵਾਰ

ਪ੍ਰੋਗਰਾਮ ਦਾ ਆਗਾਜ਼ ਕਵੀਸ਼ਰ ਗੁਰਦੇਵ ਸਿੰਘ ਸਾਹੋਕੇ ਦਾ ਜੱਥੇ ਵੱਲੋਂ ਕੀਤਾ ਜਾਵੇਗਾ ਕਵੀ ਦਰਬਾਰ , ਹਾਕੀ, ਵਾਲੀਵਾਲ ਅਤੇ , ਗੱਤਕਾ, ਰੱਸਾ ਕਸੀ, ਰੈਸਲਿੰਗ, ਕਬੱਡੀ, ਸ਼ੋਅ ਮੈਚ ਅੰਡਰ 21 ਅਤੇ ਹੋਰ ਵੀ ਬਹੁਤ ਸਾਰੀਆਂ ਗੇਮਾਂ ਹੋਣਗੀਆਂ।





ਢਾਡੀ ਜੱਥਾ ਗੁਰਨਾਮ ਸਿੰਘ ਭੰਡਾਲ, ਨਾਭੇ ਵਾਲੀਆਂ ਬੀਬੀਆਂ ਵੱਲੋਂ 5 ਅਕਤੂਬਰ ਦੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਵੇਗੀ 10 ਵਜੇ ਤੋਂ 3 ਵਜੇ ਤੱਕ

ਗਿੱਧਾ, ਭੰਗੜਾ ਚੋਟੀ ਦੀਆਂ ਟੀਮਾਂ ਵੱਲੋਂ ਪੇਸ਼ ਕੀਤਾ ਜਾਵੇਗਾ

3 ਵਜੇ ਤੋਂ 6 ਵਜੇ ਤੱਕ ਗੀਤ, ਸੰਗੀਤ ਪ੍ਰੋਗਰਾਮ ਜਿਸ ਵਿਚ ਪੰਜਾਬੀਆਂ ਦੀ ਸ਼ਾਨ ਚੋਟੀ ਦੇ ਸਿੰਗਰ ਹਿੱਸਾ ਲੈਣਗੇ।







## ਸਾਰੇ ਮੇਲੇ ਦੀ MH1 TV ਵੱਲੋਂ ਕਵਰੇਜ਼ ਕੀਤੀ ਜਾਵੇਗੀ

**ਹੋਰ ਜਾਣਕਾਰੀ ਲਈ ਕਾਲ ਕਰੋ**

ਜਸਵੰਤ ਸਿੰਘ ਸੈਦੋਕੇ 209-271-5212
ਰਵਿੰਦਰਜੀਤ ਸਿੰਘ ਗੋਗੀ 661-978-0183
ਸਾਕਰ : ਸਰਬਜੀਤ ਸਿੰਘ ਮਾਹਲ-209-230-3132

**ਗਿੱਧਾ ਭੰਗੜਾ**

ਮਨਜੀਤ ਕੌਰ 209-242-1356
ਵੀਰਪਾਲ ਕੌਰ ਸੈਦੋਕੇ 209-688-9032
ਵਾਲੀਬਾਲ : ਪਾਲ ਸਿੰਘ 209-483-5918

ਮੀਡੀਆ ਸਪਾਂਸਰਜ਼: ਪੰਜਾਬ ਐਕਸਪ੍ਰੈਸ ਨਿਊਜ਼, ਚੜ੍ਹਦੀਕਲਾ, ਪੰਜਾਬ ਨਿਊਜ਼, ਸਾਂਝੀ ਸੋਚ, ਦੇਸ਼ ਦੁਆਬਾ, ਅੰਮ੍ਰਿਤਸਰ ਟਾਈਮਜ

## ਸਿਕਿਓਰਿਟੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।

# ਯੂਬਾ ਸਿਟੀ ਚਰਚ ਦੀ ਸਲਾਨਾ ਪ੍ਰਾਰਥਨਾ ਸਭਾ ਦਾ 20ਵਾਂ ਵਿਸ਼ੇਸ਼ ਤਿੰਨ ਦਿਨਾਂ ਪ੍ਰਚਾਰ ਸਮਾਗਮ ਸਫ਼ਲਤਾ ਪੂਰਬਕ ਸੰਪਨ




















ਯੂਬਾ ਸਿਟੀ- (ਦੇਸ਼ ਦੁਆਬਾ ਬਿਓਰੋ) ਕੈਲੇਫੋਰਨੀਆ ਦੇ ਯੂਬਾ ਸਿਟੀ 'ਚ467, ਵਾਰਡਨ ਹਾਈਵਰ ਸਥਿਤ ਚਰਚ ਵਿਚ 29,30 ਅਤੇ 31 ਅਗਸਤ ਨੂੰ 20ਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸ਼ੁੱਭ ਸਮਾਗਮ ਦਾ ਆਯੋਜਨ ਕੀਤਾ ਗਿਆ। ਤਿੰਨ ਦਿਨ ਚੱਲੇ ਇਸ ਸਮਾਗਮ ਵਿਚ ਪ੍ਰਚਾਰ ਮੀਟਿੰਗਾਂ ਹੋਈਆਂ।

ਇਸ ਮੌਕੇ ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ, ਸਰੀ, ਸੋਰਟ ਲੇਅ ਅਤੇ ਕੈਲੇਫੋਰਨੀਆ ਦੇ ਸੈਕਰਮੈਂਟੋ, ਸਟਾਕਟਨ ਅਤੇ ਸੈਨਹੋਜੇ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਪੁੱਜੀਆਂ। ਪੰਜਾਬੀ ਮਸੀਹੀ ਚਰਚ ਕਨੇਡਾ ਦੇ ਪਾਸਟਰ ਜਗਪਾਲ ਸਿੰਘ ਧਾਰੀਵਾਲ ਮੁੱਖ ਪ੍ਰਚਾਰਕ ਤੇ ਤੌਰ ਹਾਜ਼ਰ ਹੋਏ। ਚਰਚ ਦੇ ਪਾਸਟਰ ਬਲਵੀਰ ਸ਼ੁਭਕਰਮ ਦੀ ਦੇਖ ਰੇਖ ਵਿਚ ਹੋਏ ਇਸ ਸਲਾਨਾ ਸਮਾਗਮ ਦੀ 20ਵੀਂ ਵਰ੍ਹੇਗੰਢ ਦੇ ਮੌਕੇ ਉਨ੍ਹਾਂ ਨੇ ਸਭ ਨੂੰ ਜੀ ਆਇਆਂ ਨੂੰ ਕਿਹਾ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਪ੍ਰਾਰਥਨਾ ਸਭਾ ਵਿਚ ਪਵਿੱਤਰ ਬਾਈਬਲ ਵਿਚੋਂ ਅਤੇ ਯਿਸੂ ਮਸੀਹ ਦੇ ਜੀਵਨ ਦੀਆਂ ਸਿੱਖਿਆਵਾਂ ਦੀ ਮਹਿਮਾ ਅਤੇ ਵਡਿਆਈ ਦਾ ਪ੍ਰਚਾਰ ਕੀਤਾ ਗਿਆ। ਵੀਹ ਸਾਲ ਤੋਂ ਚਲ ਰਹੇ ਇਸ ਪ੍ਰਾਰਥਨਾ ਸਮਾਗਮ ਵਿਚ ਹਰ ਸਾਲ ਸੰਗਤਾਂ ਜੁੜਦੀਆਂ ਹਨ। ਇਸ ਵਾਰ ਵਿਸ਼ੇਸ਼ ਸਮਾਗਮ ਵਿਚ ਗਾਇਕ ਚੰਦਨ ਸਿੰਘ, ਰਿਕਸਟਲ ਮਸੀਹ ਅਤੇ ਰੈਡੀ ਪੈਗਾਨੀ ਨੇ ਮਸੀਹ ਮਹਿਮਾ ਦੇ ਭਜਨ ਅਤੇ ਗੀਤ ਪੇਸ਼ ਕੀਤੇ।

ਸਿਸਟਰ ਕਵਿਤਾ, ਹਰਵਿੰਦਰ ਕੌਰ ਧਾਰੀਵਾਲ, ਰਣਜੀਤ ਕੌਰ ਨਿੱਝਰ, ਅਮ੍ਰਿਤਪਾਲ ਨਿੱਝਰ ਅਤੇ ਤਰਸੇਮ ਲਾਲੀ ਨੇ ਗਵਾਹੀਆਂ ਦੀ ਪੇਸ਼ਕਾਰੀ ਕੀਤੀ। ਪਰਮਿੰਦਰ,ਗੀਤਾ ਗਿੱਲ, ਸੁਨੀਲ ਅਤੇ ਪ੍ਰੇਮਜੀਤ ਹੰਸ ਨੇ ਖਾਣੇ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ। ਪਾਣੀ ਦੀ ਸੇਵਾ ਰਾਜ ਜੰਜੂਆ ਨੇ ਕੀਤੀ।

ਤਿੰਨ ਦਿਨ ਹੀ ਲੰਗਰ ਦੀ ਸੇਵਾ ਆਉਣ ਜਾਣ ਰਹਿਣ ਸਹਿਣ ਦਾ ਪ੍ਰਬੰਧ ਘਰਾਂ ਅਤੇ ਹੋਟਲਾਂ ਵਿਚ ਖਾਸ ਤੌਰ ਤੇ ਕੀਤਾ ਗਿਆ।

ਇਸ ਮੌਕੇ ਪਹਿਲੀ ਵਾਰ ਆਈਆਂ ਸੰਗਤਾਂ ਲਈ ਪ੍ਰਭੂ ਯਿਸੂ ਮਸੀਹ ਦੀ ਵਡਿਆਈ ਦਾ ਖੁਸ਼ਖ਼ਬਰੀ ਪ੍ਰਚਾਰ ਕੀਤਾ ਗਿਆ। ਸਮਾਗਮ 'ਚ ਸਮੇਂ ਦੀ ਪ੍ਰਤੀਬੱਧਤਾ ਨਿਭਾਈ ਗਈ, ਸਾਰੇ ਕਾਰਜ ਸਮੇਂ ਸਿਰ ਕੀਤੇ ਗਏ।



# Raja SWEETS & CATERING

AUTHORIZED CATERER FOR MAJOR 5-STAR HOTELS











**Raja Items Serving**

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

**Contact us**

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

**Phone: 510-538-1138**

# INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for **$2.99**

Chaat Papdi. Samosa Chaat. Pani Puri. Dahi Vada. Bhel Puri Chaat



ਭਾਰਤ ਦੇ ਆਜ਼ਾਦੀ ਦਿਵਸ ਤੇ ਇੰਡੀਆ ਮਾਰਕੀਟ ਵੱਲੋਂ ਫਰੀ ਚਾਟ ਦੀ ਸਟਾਲ ਲਗਾਈ ਗਈ

Music, Fabric, Artificial Jewelry, Sweets, Fresh Vegetables & more

**We have the largest collection for Indian, Fijian & Pakistani Grocery**



## The Threading queen threading & HEENA TATTOOS

We accept EBT cards

Call for appointment

(916) 297-0150, (916) 316-8199

Eyebrow Threading & Henna Tattoo (each hand) Only for $ 5.00

(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511

# INDIA BAZAAR



Jai Ram Gaught

Harjit Gaught (Happy)

## Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210